

# ਸ਼੍ਰੀ ਸੂਤਰ ਕ੍ਰਿਤਾਂਗ ਸੂਤਰ

## ਦੂਸਰਾ ਸ਼ਰੁਤ ਸਕੰਧ

# ਪਹਿਲਾ ਅਧਿਐਨ ਪੁੰਡਰੀਕ

*

ਪਹਿਲੇ ਸ਼ਰੁਤ ਸਕੰਧ ਵਿਚ ਜੋ ਗੱਲਾਂ ਦਸੀਆਂ ਗਈਆਂ ਹਨ ਉਨ੍ਹਾਂ ਦਾ ਵਿਸਥਾਰ ਇਸ ਦੂਸਰੇ ਭਾਗ ਵਿਚ ਹੈ। ਇਸੇ ਲਈ ਨਿਰਯੁਕਤੀ ਕਾਰ ਨੇ ਇਸ ਅਧਿਐਨ ਨੂੰ ਮਹਾ ਅਧਿਐਨ ਕਿਹਾ ਹੈ। ਇਸ ਦੇ ਸਤ ਅਧਿਐਨਾਂ ਵਿਚ ਦੋ ਹੀ ਗਾਥਾ ਰੂਪ ਹਨ।

ਇਸ ਦੂਸਰੇ ਭਾਗ ਦਾ ਪਹਿਲਾ ਅਧਿਐਨ ਪੁੰਡਰੀਕ ਹੈ ਜਿਸਦਾ ਅਰਥ ਹੈ "ਸੌ ਪਖੰਡੀਆਂ ਵਾਲਾ"। ਇਸ ਅਧਿਐਨ ਵਿਚ ਇਕ ਰੂਪਕ ਰਾਹੀਂ ਭਿੰਨ-ਭਿੰਨ ਮੱਤਾਂ ਦੇ ਵਿਸ਼ਵਾਸ ਵਾਰੇ ਦੱਸਿਆ ਗਿਆ ਹੈ।

"ਇਕ ਵਿਸ਼ਾਲ ਪੁਸ਼ਕਰਨੀ ਹੈ। ਉਸ ਦੇ ਠੀਕ ਵਿਚਕਾਰ ਇਕ ਸੌ ਪੰਖੜੀਆਂ ਵਾਲਾ ਸਫੈਦ ਕਮਲ ਖਿਲਿਆ ਹੋਇਆ ਹੈ। ਇਕ ਪੁਰਸ਼ ਪੂਰਵ ਵਲੋਂ ਆਇਆ। ਉਸ ਨੇ ਕਮਲ ਵੇਖਿਆ। ਉਹ ਕਮਲ ਲੈਣ ਲਈ ਝੀਲ ਅੰਦਰ ਗਿਆ। ਜਿਉਂ ਜਿਉਂ ਝੀਲ ਵੱਲ ਅੱਗੇ ਵਧਦਾ ਗਿਆ, ਪਾਣੀ ਡੂੰਘਾ ਹੁੰਦਾ ਗਿਆ। ਉਹ ਪੁਰਸ਼ ਕਮਲ ਤੱਕ ਨਾ ਪਹੁੰਚ ਸਕਿਆ। ਇਸੇ ਤਰ੍ਹਾਂ ਪੱਛਮ, ਉੱਤਰ ਤੇ ਦੱਖਣ ਵਲੋਂ ਕਮਲ ਪ੍ਰਾਪਤ ਕਰਨ ਦੇ ਇੱਛੁਕ ਆਉਂਦੇ ਗਏ, ਅਤੇ ਪਾਣੀ ਵਿਚਕਾਰ ਭਿਆਨਕ ਚਿੱਕੜ ਵਿਚ ਫਸਦੇ ਗਏ।

ਫੇਰ ਅਚਾਨਕ ਇਕ ਤਿਆਗੀ ਭਿਖਸ਼ੂ ਆਇਆ, ਉਹ ਕਿਨਾਰੇ ਤੇ ਖੜਾ ਰਿਹਾ। ਉਸ ਨੇ ਕਮਲ ਨੂੰ ਤੱਕਿਆ, ਪਰ ਉਹ ਉਨ੍ਹਾਂ ਚਾਰ ਪੁਰਸ਼ਾਂ ਦੀ ਤਰ੍ਹਾਂ ਚਿੱਕੜ ਵਿਚ ਨਾ ਫਸਿਆ। ਉਸਨੂੰ ਕਿਨਾਰੇ ਤੇ ਖੜ੍ਹ ਕੇ ਕਮਲ ਨੂੰ ਅਵਾਜ ਦਿੱਤੀ, ਤਾਂ ਕਮਲ ਆਪਣੇ ਆਪ ਉਸ ਤਿਆਗੀ ਭਿਖਸ਼ੂ ਕੋਲ ਆ ਗਿਆ।"

## ਰੂਪਕ ਦਾ ਸਾਰ :

ਇਹ ਸੰਸਾਰ ਪੁਸ਼ਕਰਨੀ ਝੀਲ ਦੀ ਤਰ੍ਹਾਂ ਹੈ ਜਿਸ ਵਿਚ ਕਰਮਰੂਪੀ ਪਾਣੀ ਅਤੇ ਕਾਮਭੋਗ ਰੂਪੀ ਚਿੱਕੜ ਪਿਆ ਹੈ। ਅਨੇਕ ਦੇਸ਼ ਚਾਰੋਂ ਤਰਫ ਫੈਲੇ ਕਮਲ ਫੁੱਲਾਂ ਦੀ ਤਰ੍ਹਾਂ ਹਨ। ਵਿਚਕਾਰ ਪੁੰਡਰੀਕ ਕਮਲ ਰਾਜਾ ਦੀ ਤਰ੍ਹਾਂ ਹੈ। ਪੁਸ਼ਕਰਨੀ ਵਿਚ ਘੁੰਮਣ ਵਾਲੇ ਚਾਰੋਂ ਆਦਮੀ, ਚਾਰ ਅਨੋਤੀਰਥੀ (ਦੂਸਰੇ ਧਾਰਮਿਕ ਵਿਸ਼ਵਾਸ਼ਾਂ) ਦੇ ਲੋਕ ਹਨ। ਸਮਝ-ਦਾਰ ਭਿਖਸ਼ੂ ਧਰਮ ਦਾ ਰੂਪ ਹੈ। ਕਿਨਾਰਾ ਧਰਮ ਰੂਪੀ ਤੀਰਥ ਹੈ। ਭਿਖਸ਼ੂ ਦਵਾਰਾ

ਉੱਚਾਰੇ ਸ਼ਬਦ ਧਰਮ ਕਥਾ ਰੂਪ ਹਨ। ਪੁੰਡਰੀਕ ਦਾ ਉਪਰ ਨੂੰ ਉਠਨਾ ਨਿਰਵਾਨ (ਮੋਕਸ਼) ਦੀ ਤਰ੍ਹਾਂ ਹੈ।

## ਪਹਿਲਾ ਪੁਰਸ਼ : ਤਜੱਜੀਵ ਤੱਛਰੀਰਵਾਦੀ

ਪਹਿਲਾ ਪੁਰਸ਼ ਤਜੱਜੀਵ-ਤੱਛਰੀਰ ਵਾਦੀ ਹੈ। ਇਹ ਮੱਤ ਆਤਮਾ ਦੀ ਹੋਂਦ ਤੋਂ ਇਨਕਾਰੀ ਹੈ। ਇਸ ਅਨੁਸਾਰ ਜੀਵ ਤੇ ਸ਼ਰੀਰ ਇਕ ਹੀ ਹੈ। ਇਸ ਨੂੰ ਨਾਸਤਕ ਮੱਤ ਜਾਂ ਭੌਤਿਕ ਵਾਦੀ ਮੱਤ ਵੀ ਆਖ ਸਕਦੇ ਹਾਂ। ਬੋਧ ਗ੍ਰੰਥ ਸਾਮਞਫੱਲ ਮੱਤ ਵਿਚ ਇਸ ਵਿਸ਼ਵਾਸ ਦੇ ਪ੍ਰਚਾਰਕ ਕੇਸ਼ੀਕੰਬਲ ਨਾਂ ਮਿਲਦਾ ਹੈ। ਜਿਸਨੂੰ ਉਛੇਦਵਾਦੀ ਮਤ ਦਾ ਪ੍ਰਚਾਰਕ ਬੁੱਧ ਗ੍ਰੰਥਾਂ ਵਿਚ ਕਿਹਾ ਗਿਆ ਹੈ।

## ਦੂਸਰਾ ਪੁਰਸ਼ : ਪੰਜ ਮਹਾਂਭੂਤ ਵਾਦੀ :

ਇਸ ਮੱਤ ਅਨੁਸਾਰ ਸਾਰਾ ਸੰਸਾਰ ਪੰਜ ਤੱਤਾਂ ਦਾ ਬਨਿਆ ਹੈ। (1) ਪ੍ਰਿਥਵੀ (2) ਜੱਲ (3) ਅੱਗ (4) ਹਵਾ (5) ਅਕਾਸ਼। ਇਹ ਪੰਜ ਮਹਾਂਭੂਤ ਹਨ—

ਪੰਜ ਮਹਾਂਭੂਤਾਂ, ਰਾਹੀਂ ਹੀ ਸੰਸਾਰ ਦੀ ਉਤਪਤਿ, ਸਥਿਤੀ ਤੇ ਵਿਨਾਸ਼ ਹੁੰਦਾ ਹੈ। ਸਾਰੀਆਂ ਕ੍ਰਿਆਵਾਂ ਦਾ ਕਾਰਣ ਪੰਜ ਮਹਾਭੂਤ ਹਨ। ਪੰਜ ਮਹਾਭੂਤ ਮਿਲ ਕੇ ਹੀ ਸ਼ਰੀਰ ਦਾ ਨਿਰਮਾਨ ਕਰਦੇ ਹਨ।

ਇਹ ਪ੍ਰਿਥਵੀ ਆਦਿ ਕਿਸੇ ਨੇ ਨਹੀਂ ਬਨਾਏ, ਇਹ ਪੰਜ ਮਹਾਂਭੂਤ ਅਨਾਦਿ ਅਨੰਤ ਅਤੇ ਸੁਤੰਤਰ ਹਨ। ਆਉਣ, ਜਾਣ, ਉੱਠਣ, ਬੈਠਣ, ਸੌਣ ਜਾਗਨ ਆਦਿ ਕ੍ਰਿਆਵਾਂ ਦਾ ਕਾਰਣ ਵੀ ਇਹ ਪੰਜ ਮਹਾਂਭੂਤ ਹਨ। ਕਿਸੇ ਹੋਰ ਕਾਰਣ ਨਾਲ, ਈਸ਼ਵਰ ਜਾਂ ਆਤਮਾ ਇਨ੍ਹਾਂ ਕ੍ਰਿਆਂ ਦਾ ਕਾਰਣ ਨਹੀਂ। ਕਾਲ, ਈਸ਼ਵਰ ਤੇ ਆਤਮਾ ਆਦਿ ਪਦਾਰਥ ਮਿਥਿਆ ਹਨ। ਸਵਰਗ-ਨਰਕ ਦੀ ਕਲਪਨਾ ਬੇਕਾਰ ਹੈ। ਸੰਸਾਰ ਦੇ ਉੱਤਮ ਸੁੱਖ ਸਵਰਗ ਹਨ ਤੇ ਭਿਅੰਕਰ ਰੋਗ ਨਰਕ ਹਨ। ਇਸ ਲਈ ਸਵਰਗ ਜਾਂ ਮੋਕਸ਼ ਦੀ ਪ੍ਰਾਪਤੀ ਲਈ ਤਪਸਿਆ ਆਦਿ ਕਰਨਾ ਬੇਕਾਰ ਹੈ। ਸ਼ਰੀਰ ਵਿਚ ਜੋ ਚੇਤਨਾ ਹੈ ਉਹ ਹੀ ਸ਼ਰੀਰ ਰੂਪ ਵਿਚ ਬਦਲਕੇ ਪੰਜ ਮਹਾਂਭੂਤ ਦਾ ਕਾਰਣ ਬਣਦੀ ਹੈ, ਕਿਸੇ ਆਤਮਾ ਕਾਰਣ ਨਹੀਂ। ਸ਼ਰੀਰ ਦੇ ਨਾਸ਼ ਨਾਲ ਆਤਮਾ ਦਾ ਨਾਸ਼ ਹੋ ਜਾਂਦਾ ਹੈ। ਸੋ ਨਰਕ ਤੇ ਪਸ਼ੂ ਗਤਿ ਵਿਚ ਜਨਮ ਲੈਣ ਕਾਰਣ ਤਪੱਸਿਆ ਆਦਿ ਕਸ਼ਟ ਸਹਿਨਾ ਮੂਰਖਤਾ ਹੈ।

ਸਾਂਖਯ ਵਾਦੀ ਪੰਜ ਮਹਾਂਭੂਤ ਤੋਂ ਛੁੱਟ ਆਤਮਾ ਨੂੰ ਵੀ ਮੰਨਦੇ ਹਨ। ਆਤਮਾ ਨੂੰ ਕ੍ਰਿਆ ਰਹਿਤ ਮੰਨਕੇ ਉਹ ਸਾਰੀਆਂ ਕ੍ਰਿਆਵਾਂ ਦਾ ਕਾਰਣ ਪੰਜ ਮਹਾਭੂਤ ਰਾਹੀਂ ਪ੍ਰਾਕ੍ਰਿਤੀ ਨੂੰ ਮੰਨਦੇ ਹਨ।

ਆਤਮਾ ਦੀ ਹੋਂਦ ਤੋਂ ਇਨਕਾਰੀ ਪੰਜ ਮਹਾਂਭੂਤ ਵਾਦੀ ਨਾਸਤਕ ਤੇ ਆਤਮਾ ਨੂੰ

ਕ੍ਰਿਆ ਰਹਿਤ ਮੰਨਣ ਵਾਲੇ ਸਾਂਖਯਵਾਦੀ ਪੰਜ ਮਹਾਭੂਤ ਵਾਦੀ ਹੀ ਹਨ। ਸਾਂਖਯ ਦਰਸ਼ਨ ਵਾਲੇ ਆਤਮਾ ਨੂੰ ਛੇਵਾਂ ਤੱਤਵ ਮੰਨਦੇ ਹਨ। ਉਨ੍ਹਾਂ ਅਨੁਸਾਰ ਆਤਮਾ ਕੁੱਝ ਨਹੀਂ ਕਰਦੀ। ਸਾਂਖਯ ਦਰਸ਼ਨ ਦਾ ਕਥਨ ਹੈ, "ਸੱਤ ਦਾ ਕਦੇ ਨਾਸ਼ ਨਹੀਂ ਹੁੰਦਾ ਅਤੇ ਅਸੱਤ ਦੀ ਕਦੇ ਉਤਪੱਤੀ ਨਹੀਂ ਹੁੰਦੀ। "ਸਭ ਕੁੱਛ ਪ੍ਰਾਕ੍ਰਿਤੀ ਕਰਦੀ ਹੈ। ਸਤੋ, ਰਜੋ, ਤਮੋ ਇਹ ਤਿੰਨ ਸੰਸਾਰ ਦੇ ਮੂਲ ਕਾਰਣ ਹਨ, ਤਿੰਨਾਂ ਗੁਣਾਂ ਦੀ ਸੱਮਅਵਸਥਾ ਹੀ ਪ੍ਰਾਕ੍ਰਿਤੀ ਹੈ। ਉਹ ਹੀ ਸਾਰੇ ਕੰਮਾਂ ਦਾ ਸੰਪਾਦਨ ਕਰਦੀ ਹੈ। ਹਾਲਾਂਕਿ ਪੁਰਸ਼ ਜਾਂ ਜੀਵ ਨਾਂ ਦਾ ਇਕ ਚੇਤਨ ਤਤੱਵ ਜਰੂਰ ਹੈ ਪਰ ਉਹ ਅਕਾਸ਼ ਦੀ ਤਰ੍ਹਾਂ ਫੈਲਿਆ ਹੋਣ ਕਾਰਣ ਕ੍ਰਿਆ ਰਹਿਤ ਹੈ। ਉਹ (ਪੁਰਸ਼) ਪ੍ਰਾਕ੍ਰਿਤੀ ਰਾਹੀਂ ਕੀਤੇ ਕਰਮਾਂ ਦਾ ਫੱਲ ਭੋਗਦਾ ਹੈ। ਅਤੇ ਬੁਧੀ ਰਾਹੀਂ ਗ੍ਰਹਿਣ ਕੀਤੇ ਪਦਾਰਥਾਂ ਨੂੰ ਪ੍ਰਕਾਸ਼ਮਾਨ ਕਰਦਾ ਹੈ। ਜਿਸ ਬੁਧੀ ਰਾਹੀਂ ਗ੍ਰਹਿਣ ਕੀਤੇ ਪਦਾਰਥਾਂ ਨੂੰ ਉਹ ਪੁਰਸ਼ ਜਾਂ ਜੀਵ ਪ੍ਰਕਾਸ਼ਿਤ ਕਰਦਾ ਹੈ ਉਹ ਬੁੱਧੀ ਵੀ ਪ੍ਰਾਕ੍ਰਿਤੀ ਤੋਂ ਭਿੰਨ ਨਹੀਂ।

ਇਸ ਲਈ ਪ੍ਰਾਕ੍ਰਿਤੀ ਭਿੰਨ-2 ਗੁਣਾਂ ਸਹਿਜ ਹੈ। ਇਹ ਤਿੰਨ ਗੁਣ ਅਸਥਿਰ ਹਨ। ਜਦੋਂ ਸਤੋ ਗੁਣ ਵਿਚ ਵਾਧਾ ਹੁੰਦਾ ਹੈ ਤਾਂ ਮਨੁੱਖ ਸ਼ੁਭ ਕਰਮ ਕਰਦਾ ਹੈ। ਰਜੋ ਗੁਣ ਵਿੱਚ ਵਾਧੇ ਕਾਰਣ ਪਾਪ-ਪੁੰਨ ਦੋਵੇਂ ਪ੍ਰਕਾਰ ਦੇ ਕੰਮ ਕਰਦਾ ਹੈ। ਤਮੋ ਗੁਣ ਦਾ ਵਾਧਾ ਹੋਣ ਤੇ ਹਿੰਸਾ, ਝੂਠ ਆਦਿ ਪਾਪ ਭਰਪੂਰ ਕੰਮ ਕਰਦਾ ਹੈ। ਇਸ ਤਰ੍ਹਾਂ ਸੰਸਾਰ ਦੇ ਸਾਰੇ ਕੰਮ ਸਤੋ, ਰਜੋ, ਤਮੋ ਗੁਣਾਂ ਦੇ ਉਪਚੇ (ਇਕੱਠ) ਅਪਚੇ (ਨਸ਼ਟ ਹੋਣਾ) ਕਾਰਣ ਹੁੰਦੇ ਹਨ, ਆਤਮਾ ਰਾਹੀਂ ਨਹੀਂ। ਪ੍ਰਿਥਵੀ ਆਦਿ ਪੰਜ ਮਹਾਂਭੂਤ ਪ੍ਰਾਕ੍ਰਿਤੀ ਤੋਂ ਉਤਪਨ ਹੁੰਦੇ ਹਨ। ਪ੍ਰਾਕ੍ਰਿਤੀ ਤਿੰਨ ਗੁਣਾਂ ਵਾਲੀ ਹੈ ਉਸ ਤੋਂ ਬੁੱਧੀ ਮਹਤੱਵ ਤੋਂ ਅਹੰਕਾਰ, ਅਹੰਕਾਰ ਤੋਂ ਰੂਪ, ਵਚਨ, ਗੰਧ, ਰਸ ਤੇ ਸਪਰਸ਼ ਆਦਿ ਪੰਜ ਤਨਮਾਤਰਾਵਾਂ (ਸੂਖ ਮਹੱਤਵ) ਦੀ ਉਤਪਤਿ ਹੁੰਦੀ ਹੈ ਅਤੇ ਪੰਜ ਤਨਮਾਤਰਾਵਾਂ ਤੋਂ ਪ੍ਰਿਥਵੀ, ਆਦਿ ਪੰਜ ਮਹਾਭੂਤ, ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ। "ਪਰਲੋਕ ਦਾ ਡਰ ਨਾ ਹੋਣ ਕਾਰਣ ਇਹ ਲੋਕ ਪਾਪ ਤੇ ਵਿਸ਼ੇ ਭੋਗਾਂ ਵਿਚ ਡੁਬੇ ਰਹਿੰਦੇ ਹਨ।"

ਕਰਮ ਇੰਦਰੀਆਂ ਤੇ ਮਨ ਦੀ ਉਤਪਤਿ ਹੁੰਦੀ ਹੈ। ਇਸ ਤਰ੍ਹਾਂ 24 ਪਦਾਰਥ ਹੀ ਸਾਰੇ ਸੰਸਾਰ ਨੂੰ ਚਲਾਉਂਦੇ ਹਨ। 25ਵਾਂ ਪੁਰਸ਼ ਵੀ ਇਕ ਤੱਤਵ ਹੈ, ਪਰ ਉਹ ਭੋਗ ਤੇ ਬੁਧੀ ਨਾਲ ਗ੍ਰਹਿਣ ਕੀਤੇ ਪਦਾਰਥਾਂ ਨੂੰ ਪ੍ਰਕਾਸ਼ ਵਿਚ ਲੈ ਆਉਣ ਦੇ ਹੋਰ ਕੋਈ ਕੰਮ ਨਹੀਂ ਕਰਦਾ। ਭਾਵ ਇਹ ਹੈ ਕਿ ਸਾਂਖਯ ਦਰਸ਼ਨ ਵਿਚ ਭਾਰੀ ਤੋਂ ਭਾਰੀ ਪਾਪ ਕਰਨ ਤੇ ਵੀ ਆਤਮਾ ਨੂੰ ਦੋਸ਼ ਨਹੀਂ ਲਗਦਾ, ਆਤਮਾ ਨਿਰਮਲ ਹੀ ਰਹਿੰਦੀ ਹੈ। ਇੱਕ ਇੰਦਰੀਆਂ ਤੋਂ ਲੈਕੇ ਪੰਜ ਇੰਦਰੀਆਂ ਵਾਲੇ ਕਿਸੇ ਜੀਵ ਦੀ ਹਿੰਸਾ ਕਰੋ, ਆਤਮਾ ਨੂੰ ਕੋਈ ਪਾਪ ਨਹੀਂ ਲਗਦਾ. ਆਤਮਾ ਨਿਰਲੇਪ ਤੇ ਕ੍ਰਿਆ ਰਹਿਤ ਹੈ। ਸਭ ਕੰਮ ਪ੍ਰਾਕ੍ਰਿਤੀ ਕਰਦੀ ਹੈ।

## ਤੀਸਰਾ ਪੁਰਸ਼ ਈਸ਼ਵਰ ਵਾਦੀ

ਝੀਲ ਦੇ ਅੰਦਰ ਤੀਸਰਾ ਫਸਿਆ ਮਨੁੱਖ ਈਸ਼ਵਰ ਵਾਦੀ ਹੈ। ਉਹ ਮੰਨਦਾ ਹੈ "ਜੜ ਹੋਵੇ ਚਾਹੇ ਚੇਤਨ, ਸਭ ਦਾ ਨਿਰਮਾਤਾ ਇਕ ਮਾਤਰਾ ਈਸ਼ਵਰ ਹੈ। ਈਸ਼ਵਰ ਸ੍ਰਿਸ਼ਟੀ ਦਾ ਨਿਰਮਾਤਾ ਹੈ" ਜਿਸ ਤਰ੍ਹਾ ਖਾਸ਼ ਪਦਾਰਥਾਂ ਨੂੰ ਵਿਸ਼ੇਸ਼ ਬੁੱਧੀ ਵਾਲਾ ਹੀ ਬਣਾ ਸਕਦਾ ਹੈ ਕਮਜੋਰ ਅਕਲ ਵਾਲਾ ਨਹੀਂ। ਉਸੇ ਤਰ੍ਹਾਂ ਸ੍ਰਿਸ਼ਟੀ ਆਦਿ ਬਨਾਉਣ ਵਿੱਚ ਈਸ਼ਵਰ ਹੀ ਸਮਰਥ ਹੈ। ਜੀਵ ਤਾਂ ਅਗਿਆਨੀ ਅਤੇ ਕਮਜੋਰ ਹੈ। ਸੁਖ - ਦੁਖ, ਨਰਕ-ਸਵਰਗ ਅਤੇ ਕਰਮ ਫਲ ਦੇਣ ਵਾਲਾ ਈਸ਼ਵਰ ਹੈ। ਜੀਵ ਅਪਣੀ ਇੱਛਾ ਨਾਲ ਨਾ ਸੁਖ ਪ੍ਰਾਪਤ ਕਰ ਸਕਦਾ ਹੈ ਨਾ ਦੁਖ ਮਿਟਾ ਸਕਦਾ ਹੈ। ਪਰ ਸਰਵ ਸ਼ਕਤੀਮਾਨ ਪਰਮੇਸ਼ਵਰ ਦਾ ਹੁਕਮ ਹੀ ਦੁਖ ਸੁਖ ਮਿਟਾਉਂਦਾ ਹੈ ਜਿਵੇਂ ਈਸ਼ਵਰ ਵਾਦੀ ਆਖਦੇ ਹਨ।

अज्ञो जन्तुरनीशोऽयमात्मन: सुखदु:खयो: ।
ईश्वरप्रेरितो गच्छेत्स्वर्गं वा श्वाभ्रमेव वा ॥

ਭਾਵ ਇਹ ਹੈ ਕਿ ਅਗਿਆਨੀ ਜੀਵ ਖੁਦ ਸੁਖ ਪ੍ਰਾਪਤ ਅਤੇ ਦੁਖ ਮਿਟਾਉਣ ਵਿਚ ਸਮਰਥ ਨਹੀਂ। ਇਹ ਨਰਕ ਤੇ ਸਵਰਗ ਵੀ ਈਸ਼ਵਰ ਦੀ ਪ੍ਰੇਰਣਾ ਨਾਲ ਜਾਂਦਾ ਹੈ।

ਈਸ਼ਵਰਵਾਦੀ ਸਾਰੇ ਜਗਤ ਦਾ ਕਾਰਣ ਈਸ਼ਵਰ ਨੂੰ ਮੰਨਦੇ ਹਨ। ਪਰ ਅਦਵੈਤ-ਵਾਦੀ ਇਕ ਆਤਮਾ (ਬ੍ਰਹਮਾ) ਨੂੰ ਸਾਰੇ ਜਗਤ ਦਾ ਕਾਰਣ ਮੰਨਦੇ ਹਨ, ਜੋ ਸਾਰੇ ਜਗਤ ਵਿੱਚ ਵਿਆਪਕ ਹੈ।

## ਚੌਥਾ ਪੁਰਸ਼ : ਨਿਅਤੀਵਾਦੀ

ਝੀਲ ਦੇ ਚਿੱਕੜ ਵਿੱਚ ਫਸੀਆਂ ਚੌਥਾ ਵਿਚਾਰਕ ਨਿਅਤੀ ਵਾਦੀ ਹੈ ਜੋ ਵਿਸ਼ਵਾਸ ਕਰਦਾ ਹੈ ਕਿ ਹੋਣੀ ਬਲਵਾਨ ਹੈ ਹੋਣੀ ਹੋਕੇ ਰਹਿੰਦੀ ਹੈ ਸੁਖ-ਦੁਖ, ਲਾਭ-ਹਾਨੀ, ਜਿੰਦਗੀ ਮੌਤ ਸਭ ਦਾ ਕਾਰਣ ਨਿਸ਼ਚਿੱਤ (ਨਿਅੰਤੀ ਜਾਂ ਹੋਣੀ) ਹੈ। ਸਾਰੇ ਪਦਾਰਥਾਂ ਦਾ ਕਾਰਣ ਨਿਅਤੀ ਹੈ। ਹੋਣਹਾਰ ਬਲਵਾਨ ਹੈ। ਇਸ ਵਾਰੇ ਇਕ ਨੀਤੀ ਦਾ ਸ਼ਲੋਕ ਹੈ—

"ਨਿਅਤੀ ਦੇ ਪ੍ਰਭਾਵ ਨਾਲ ਭਲਾ, ਬੁਰਾ, ਜੋ ਮਨੁੱਖ ਨੂੰ ਪ੍ਰਾਪਤ ਹੋਣ ਤੇ ਉਹ ਜ਼ਰੂਰ ਹੀ ਮਿਲਦਾ ਹੈ। ਮਨੁੱਖ ਚਾਹੇ ਲੱਖ ਯਤਨ ਕਰੇ, ਪਰ ਜੋ ਹੋਣਹਾਰ ਨਹੀਂ, ਉਹ ਨਹੀਂ ਹੁੰਦਾ। ਜੋ ਹੋਣਹਾਰ ਹੈ ਉਹ ਹੋਏ ਬਿਨਾ ਰਹਿੰਦਾ ਨਹੀਂ।"

ਅਸੀਂ ਵੇਖਦੇ ਹਾਂ ਕਿ ਕਿਸੇ ਕੰਮ ਵਿਚ ਲੱਖ ਮੇਹਨਤ ਦੇ ਬਾਵਜੂਦ ਅਸੀਂ ਅਸਫਲ ਰਹਿੰਦੇ ਹਾਂ, ਤਾਂ ਲਗਦਾ ਹੈ ਕਿ ਸਾਡੀ ਅਸਫਲਤਾ ਪਿੱਛੇ ਕੋਈ ਨਾ ਕੋਈ ਕਾਰਣ ਜ਼ਰੂਰ ਹੋਵੇਗਾ। ਉਹ ਕਾਰਣ ਸਿਰਫ ਨਿਅਤੀ (ਹੋਣੀ) ਹੈ ਜੋ ਪਹਿਲਾ ਹੀ ਨਿਸ਼ਚਿਤ ਹੈ। ਨਿਅਤੀ ਨੂੰ ਛੱਡ ਕੇ ਕਾਲ, ਈਸ਼ਵਰ ਜਾਂ ਕਰਮ ਨੂੰ ਕਾਰਨ ਮਨੱਣ ਅਗਿਆਨਤਾ ਹੈ।"

ਇਸ ਸੰਸਾਰ ਵਿਚ ਦੋ ਤਰ੍ਹਾਂ ਦੇ ਮਨੁੱਖ ਪਾਏ ਜਾਂਦੇ ਹਨ ਇਕ ਕ੍ਰਿਆਵਾਦੀ ਦੂਸਰੇ ਅਕ੍ਰਿਆਵਾਦੀ। ਕੋਈ ਵੀ ਪ੍ਰਾਣੀ ਸਵਤੰਤਰ ਨਹੀਂ। ਨਿਅਤੀ ਦੀ ਪ੍ਰੇਰਣਾ ਕਾਰਣ ਕ੍ਰਿਆਵਾਦੀ ਕ੍ਰਿਆ ਦਾ ਤੇ ਅਕ੍ਰਿਆ ਵਾਦੀ ਅਕ੍ਰਿਆ ਦਾ ਸਮਰਥਨ ਕਰਦਾ ਹੈ।

ਨਿਅਤੀ ਕਾਰਣ ਹੀ ਚੰਗੇ ਮੰਦੇ ਕੰਮਾ ਵਾਲੇ ਦੁੱਖ ਭੋਗਦੇ ਤੇ ਕੰਮਾ ਵਾਲੇ ਮਜੇ ਲੁਟਦੇ ਵੇਖੇ ਜਾਂਦੇ ਹਨ। ਸੋ ਨਿਅਤੀ ਬਲਵਾਨ ਹੈ। ਕ੍ਰਿਆ, ਅਕ੍ਰਿਆ, ਪੁੰਨ, ਪਾਪ, ਸ਼ੁਭ ਤੇ ਅਸ਼ੁਭ ਕੰਮ ਆਦਿ ਦਾ ਨਿਅਤੀ ਵਾਦੀ ਕੋਈ ਵਿਚਾਰ ਨਹੀਂ ਕਰਦੇ। ਨਿਅਤੀਵਾਦ ਦਾ ਪ੍ਰਚਾਰਕ ਭਗਵਾਨ ਮਹਾਵੀਰ ਦੇ ਇਕ ਭਰਿਸ਼ਟ ਚੇਲਾ ਮੰਖਲੀ ਪੁਤਰ ਗੋਸ਼ਾਲਕ ਸੀ। ਇਸ਼ ਮਤ ਦ ਵਰਨਣ ਉਪਾਸਕ ਦਸ਼ਾਂਗ ਤੇ ਭਗਵਤੀ ਸੂਤਰ ਚਿਵ ਵੀ ਵਿਸਥਾਰ ਨਾਲ ਮਿਲਦਾ ਹੈ।

## ਝੀਲ ਦੇ ਕਿਨਾਰੇ ਖੜਾ ਭਿਖਸ਼ੂ :

ਭਿਖਸ਼ੂ ਬਨਣਾ ਸਹਿਜ ਨਹੀਂ। ਸਭ ਕੁਝ ਪ੍ਰਾਪਤ ਹੁੰਦੇ ਹੋਏ ਪ੍ਰਾਪਤ ਦੀ ਮਮਤਾ ਤਿਆਗਨਾ ਕੋਈ ਮਾਮੂਲੀ ਗਲ ਨਹੀਂ। । ਭਿਖਸ਼ੂ ਸੰਸਾਰਿਕ ਕਾਮ ਭੋਗ ਦਾ ਤਿਆਗੀ ਹੁੰਦਾ ਹੈ, ਦਰ ਦਰ ਮੰਗਨ ਵਾਲਾ ਮੰਗਤਾ ਜਾਂ ਭਿਖਾਰੀ ਨਹੀਂ। ਭਿਖਸ਼ੂ ਗਿਆਨੀ ਹੈ "ਸੰਸਾਰ ਦੇ ਕੋਈ ਵੀ ਭੌਤਿਕ ਪਦਾਰਥ ਜੀਵ ਦੀ ਆਤਮਾ ਦਾ ਕਲਿਆਨ ਨਹੀਂ ਕਰ ਸਕਦੇ। ਮਨੁੱਖ ਦੀ ਇਸਤਰੀ ਪੁਤਰ ਆਦਿ ਪਰਿਵਾਰ ਦੇ ਲੋਕ ਜੀਵ ਦਾ ਦੁਖ ਨਹੀਂ ਵੰਡਾ ਸਕਦੇ, ਜਿਨ੍ਹਾਂ ਦੀ ਮਮਤਾ ਵਿਚ ਫਸਿਆ ਪ੍ਰਾਣੀ ਪਾਪ ਕਰਦਾ ਹੈ। ਗਿਆਨੀ ਆਤਮਾ ਹੋਰ ਸੋਚਦਾ ਹੈ "ਇਹ ਕਾਮ ਭੋਗ ਅੱਡ ਹਨ. ਮੈਂ ਤਾ ਇਨ੍ਹਾਂ ਵਿਚ ਕਿਉਂ ਫੱਸਾ ਜੋ ਵਸਤੂ ਅੱਡ ਹੋ ਜਾਨ ਵਾਲੀ ਹੈ ਜਾਂ ਛਡਨੀ ਪੈਣੀ ਹੈ ਤਾਂ ਮੈਂ ਇਸ ਵਿਚ ਕਿਉਂ ਵਸਾ ? ਜੋ ਮੇਰੀ ਵਸਤੂ (ਆਤਮਾ) ਹੈ। ਉਹ ਮੇਰੇ ਤੋਂ ਅਲਗ ਨਹੀਂ ਵਸਤੂ ਇਕ ਮਾਤਰ ਮੇਰੀ ਗਿਆਨ-ਦਰਸ਼ਨ ਸੰਪਨ ਆਤਮਾ ਹੈ। ਖੇਤ, ਧਨ, ਜਮੀਨ, ਕਪੜੇ ਰਿਸ਼ਤੇਦਾਰ, ਇਸਤਰੀ ਦਾਸ ਕੁੱਛ ਵੀ ਮੇਰਾ ਨਹੀਂ। ਇਕ ਦਿਨ ਮੈਨੂੰ ਸਭ ਛਡਨਾ ਪਵੇਗਾ ਜਾਂ ਇਹ ਭੋਗ ਮੈਨੂੰ ਛੱਡ ਦੇਨਗੇ।


"ਸ਼ੁਭ ਕਰਮ ਦੇ ਉਦੇ ਕਾਰਣ, ਮੈਨੂੰ ਇਹ ਸੰਸਾਰ ਆਪਣਾ ਜਾਪਦਾ ਹੈ, ਪਰ ਅਸ਼ੁਭ ਕਰਮ ਜਾਂ ਰੋਗ ਦੇ ਪ੍ਰਗਟ ਹੋਣ ਤੇ ਕੌਣ ਮੇਰੀ ਮਦਦ ਕਰੇਗਾ ? ਇਕ ਆਤਮਾ ਹੀ ਮੇਰਾ ਅਨੰਤ ਕਾਲ ਤੋਂ ਸਹਾਈ ਹੈ ਤੇ ਅਨੰਤ ਕਾਲ ਪੱਕਾ ਸਹਾਈ ਰਹੇਗਾ। ਮਮਤਾ ਤੇ ਪਰਿਗ੍ਰਹਿ ਵਿਚ ਫੱਸ ਕੇ ਆਤਮਾ ਜਨਮ-ਜਨਮ ਦੇ ਗੇੜ ਵਿਚ ਫੱਸ ਗਿਆ ਹੈ।"

"ਮੇਰਾ ਇਸ ਸੰਸਾਰ ਵਿਚ ਫਸਨਾ ਬੰਧਨ ਰੂਪ ਹੈ ਮੈਨੂੰ ਅਪਣੀ ਸ਼ੁਧ ਆਤਮ ਸਵਰੂਪ ਨੂੰ ਜਾਨਣ ਲਈ ਸੰਸਾਰਿਕ ਬੰਧਨਾਂ ਦਾ ਤਿਆਗ ਕਰਕੇ, ਵੀਤਰਾਗ ਅਵਸਥਾ ਪ੍ਰਾਪਤ ਕਰਨਾ ਜ਼ਰੂਰੀ ਹੈ।

ਸੰਸਾਰ ਵਿਚ ਸਾਰੇ ਜੀਵ ਕਰਮ ਬੰਧ ਕਾਰਣ ਦੁੱਖ ਸੁਖ ਭੋਗ ਰਹੇ ਹਨ। ਨਾ ਇਹ ਮੈਨੂੰ ਕਿਸੇ ਪ੍ਰਕਾਰ ਦਾ ਸੁਖ ਦੁਖ ਦੇ ਸਕਦੇ ਹਨ, ਨਾ ਮੈ ਇਨ੍ਹਾਂ ਨੂੰ। ਸਭ ਰਿਸ਼ਤੇ ਪੁਰਾਣੇ ਕਰਮਾਂ ਦੇ ਉਦੇ ਕਾਰਣ ਭੋਗੇ ਜਾ ਰਹੇ ਹਨ। ਹੁਣ ਮੈਨੂੰ ਇਨ੍ਹਾਂ ਦਾ ਤਿਆਗ ਕਰਕੇ ਮੋਕਸ਼ ਪ੍ਰਕਾਸ਼ ਕਰਨ ਵਾਲੀ ਸਮਿਅਕੱਤਵ (ਸਹੀ ਗਿਆਨ-ਦਰਸ਼ਨ-ਚਾਰਿਤਰ ਰੂਪੀ ਸੱਚੇ ਤੀਰਥੰਕਰਾਂ ਰਾਹੀਂ ਪ੍ਰਗਟ ਕੀਤੇ ਧਰਮ) ਨੂੰ ਧਾਰਨ ਕਰਨਾ ਹੀ ਅਨਕੂਲ ਹੈ। ਮੈਂ ਇਨ੍ਹਾਂ ਦਾ ਤਿਆਗ ਕਰਦਾ ਹਾਂ।" ਇਹੋ ਸਾਧੂ ਜਾਂ ਭਿਖਸ਼ੂ ਦਾ ਸੱਚਾ ਚਿੰਤਨ ਹੈ।

ਇਹ ਆਪਣੇ ਤੇ ਪਰਾਏ ਦੀ ਪਹਿਚਾਨ ਹੈ। ਜੋ ਰਾਗ ਦਵੇਸ਼ ਵਿਚ ਲਗਾ ਹੈ ਮੇਰੇ ਘਰ, ਮੇਰੇ ਰਿਸ਼ਤੇਦਾਰ, ਮੇਰਾ ਪੁੱਤ ਆਦਿ ਰਾਗ ਦਵੇਸ਼ ਭਾਵ ਵਿਚ ਫਸਿਆ ਹੈ। ਉਹ ਮੂਰਖ ਨਹੀਂ ਜਾਣਦਾ ਕਿ ਮੇਰਾ ਕਿ ਇਸ ਸੰਸਾਰ ਵਿਚ ਤਾ ਸ਼ਰੀਰ ਵੀ ਆਪਣਾ ਨਹੀਂ। ਇਸ ਤਰ੍ਹਾਂ ਮੋਹ ਮਾਇਆ ਵਿਚ ਫਸਕੇ ਅਗਿਆਨੀ ਹੋਰ ਤਰ੍ਹਾਂ ਦਾ ਪਾਪ ਕਰਕੇ ਨਰਕ ਜਾ ਪਸ਼ੂ ਯੋਨੀ ਭੋਗਦੇ ਹਨ।

ਜੋ ਚਿਕੜ ਵਿਚ ਨਹੀਂ ਫਸਦਾ, ਸਗੋਂ ਸੰਸਾਰ ਰੂਪੀ ਝੀਲ ਦੇ ਕਿਨਾਰੇ ਰਹਿ ਕੇ ਸੰਸਾਰ ਨੂੰ ਵੇਖਦਾ ਹੈ ਉਹ ਹੀ ਨਿਰਵਾਨ ਰੂਪੀ ਕਮਲ ਨੂੰ ਬਿਨਾ ਦਲਦਲ ਵਿਚ ਫਸੇ ਅਵਾਜ਼ ਦੇਕੇ ਆਪਣੀ ਆਤਮਿਕ ਸ਼ਕਤੀ ਨਾਲ ਪ੍ਰਾਪਤ ਕਰ ਲੈਂਦਾ ਹੈ।



# ਪਹਿਲਾ ਪੁੰਡਰਿਕ ਅਧਿਐਨ

(ਸ੍ਰੀ ਸੁਧਰਮਾ ਸਵਾਮੀ ਸ੍ਰੀ ਜੰਬੂ ਸਵਾਮੀ ਨੂੰ ਆਖਦੇ ਹਨ) ਹੇ ਆਯੁਸ਼ਮਾਨ ! ਮੈਂ ਸੁਣਿਆ ਹੈ। ਉਸ ਭਗਵਾਨ ਮਹਾਵੀਰ ਨੇ ਇਸ ਆਗਮ ਵਿੱਚ ਪੁੰਡਰਿਕ (ਸਰੋਵਰ) ਨਾਂ ਦਾ ਅਧਿਐਨ ਕਿਹਾ ਹੈ। ਉਸਦਾ ਅਰਥ ਇਸ ਪ੍ਰਕਾਰ ਹੈ।

### ਪੁਸ਼ਕਰਨੀ ਨਾਂ ਦਾ ਵਿਰਤਾਂਤ

ਮੰਨ ਲਵੋ ਕੋਈ ਪੁਸ਼ਕਰਨੀ ਹੈ ਉਹ ਬਹੁਤ ਪਾਣੀ ਤੇ ਬਹੁਤ ਕੀਚੜ (ਚਿਕੜ) ਵਾਲੀ ਹੈ ਉਹ ਬਹੁਤ ਸਾਰੇ ਕਮਲਾਂ ਨਾਲ ਭਰੀ ਹੋਣ ਕਾਰਣ ਪੁੰਡਰਿਕ ਗੁਣ ਸਾਰਥਕ ਕਰਦੀ ਹੈ। ਇਹ ਸਫੇਦ ਕਮਲਾਂ ਨਾਲ ਭਰੀ ਹੋਈ ਹੈ। ਇਹ ਸਰੋਵਰ ਵੇਖਨ ਵਾਲੇ ਦੇ ਚਿੱਤ ਨੂੰ ਪ੍ਰਸੱਨ ਕਰਦੀ ਹੈ। ਵੇਖਨ ਯੋਗ ਹੈ, ਮਨੋਹਰ ਹੈ, ਪ੍ਰਸ਼ੰਸਾ ਯੋਗ ਹੈ।

ਪੁਸ਼ਕਰਨੀ ਦੇ ਦੇਸ਼ਾਂ, ਦਿਸਾਤਰਾਂ, ਪ੍ਰਦੇਸ਼, ਪ੍ਰਦੇਸ਼ਾਤਰਾ ਦੇ ਸਭ ਪਾਸੇ ਸਫੇਦ ਕਮਲ ਭਰੇ ਪਏ ਹਨ। ਉਹ ਕਮਲ ਸਿਲਸਲੇਵਾਰ ਹਨ। ਚਿਕੜ ਤੇ ਪਾਣੀ ਤੋਂ ਉਪਰ, ਚੰਗੇ ਲਗਨ ਵਾਲੇ, ਸੁੰਦਰ ਵਰਨ, ਗੰਧ, ਰਸ ਤੇ ਸਪਰਸ਼ ਵਾਲੇ, ਮਨ ਨੂੰ ਪ੍ਰਸਨਤਾ ਦੇਣ ਵਾਲੇ, ਵੇਖਣਯੋਗ, ਸੁੰਦਰ ਤੇ ਮਨੋਹਰ ਹਨ।

ਉਸ ਸਰੋਵਰ ਦੇ ਦਰਿਮਿਆਨ ਵਿੱਚ ਇਕ ਉਤਮ ਸਫੇਦ ਕਮਲ ਹੈ ਉਹ ਠੀਕ ਢੰਗ ਨਾਲ ਵਧਿਆ ਹੋਇਆ, ਉਪਰ ਵੱਲ ਨਿਕਲਿਆ ਹੋਇਆ, ਚੰਗਾ ਲਗਨ ਵਾਲਾ, ਸੁੰਦਰ ਵਰਨ, ਗੰਧ, ਰਸਤੇ ਸਪਰਸ਼ ਵਾਲਾ ਹੈ ਪ੍ਰਸੰਨਤਾ ਦੇਨ ਵਾਲਾ ਤੇ ਮਨੋਹਰ ਹੈ।

### ਪਹਿਲਾ ਪੁਰਸ਼

ਉਸ ਸਪੂੰਰਨ ਪੁਸ਼ਕਰਨੀ ਵਿੱਚ ਸਭ ਪਾਸੋਂ, ਦੇਸ਼ ਦੇਸ਼ਾਤਰਾਂ ਉੱਤਮ ਸਫੇਦ ਕਮਲ ਹਨ। ਉਨ੍ਹਾਂ ਦੀ ਰਚਨਾ ਸੁੰਦਰ ਹੈ, ਉਪਰ ਨਿਕਲੇ ਹੋਏ ਹਨ, ਰੁਚੀਦਾਰ ਹਨ ਸੁੰਦਰ ਹਨ, ਅਤੇ ਸਰੋਵਰ ਦੇ ਵਿਚਕਾਰ ਇਕ ਬੜਾ ਉਤਮ ਸਫੇਦ ਕਮਲ ਸਿਲਸਿਲੇ ਵਾਰ ਵਧਿਆ ਹੋਇਆ, ਚਿਕੜ ਤੇ ਪਾਣੀ ਤੋਂ ਉਪਰ ਸੁੰਦਰ ਲਗ ਰਿਹਾ ਹੈ। "ਹੁਣ ਕੋਈ ਮਨੁੱਖ ਪੂਰਵ ਦਿਸ਼ਾ ਵੱਲ ਉਪਰੋਕਤ ਪੁਸ਼ਕਰਨੀ ਸਰੋਵਰ ਕੋਲ ਆਉਂਦਾ ਹੈ ਉਹ ਉਸ ਸਵੋਵਰ ਦੇ ਕਿਨਾਰੇ ਖੜਾ ਹੋਕੇ ਪਹਿਲਾਂ ਦਸੇ ਗਏ ਇਕ ਬੜੇ ਉੱਤਮ, ਸੁੰਦਰ ਰਚਨਾ ਵਾਲੇ, ਉਪਰ ਵਲੋਂ ਨਿਕਲੇ ਸਫੇਦ ਕਮਲ ਨੂੰ ਵੇਖਦਾ ਹੈ। ਉਸਨੂੰ ਵੇਖ ਕੇ (ਦਿਲ ਵਿੱਚ) ਆਖਦਾ ਹੈ "ਮੈਂ ਸਮੇਂ ਦਾ ਜਾਨਕਾਰ, ਕੁਸ਼ਲ, ਪੰਡਤ, ਵਿਵੇਕਵਾਲਾ, ਬੁੱਧੀਮਾਨ, ਬੁੱਧੀ ਵਿੱਚ

ਸਥਿਤ, ਰਾਹ ਦਾ ਜਾਨਕਾਰ ਕੰਮ ਸਿਧੀ ਦਾ ਰਾਹ ਜਾਨਣ ਵਾਲਾ ਹਾਂ। ਮੈਂ ਇਸ ਉੱਤਮ ਕਮਲ ਨੂੰ ਪੁਸ਼ਕਰਨੀ ਸਰੋਵਰ ਵਿੱਚ ਬਾਹਰ ਕੱਢ ਕੇ ਲਿਆਵਾਂਗਾ।" ਇਹ ਆਖਕੇ ਉਹ ਪੁਸ਼ਕਰਨੀ ਸਰੋਵਰ ਵਿੱਚ ਘੁਸਦਾ ਹੈ ਜਿਉਂ-ਜਿਉਂ ਅੱਗੇ ਵਧਦਾ ਹੈ ਪਾਣੀ ਜਿਆਦਾ ਆ ਜਾਂਦਾ ਹੈ ਅਤੇ ਚਿਕੜ ਵੀ ਪ੍ਰਾਪਤ ਹੁੰਦਾ ਹੈ। ਪਰ ਹੁਣ ਉਹ ਕਿਨਾਰਾ ਛੱਡ ਚੁੱਕਾ ਹੈ ਉਹ ਸ਼ਰੇਸ਼ਟ ਸ਼ਫੈਦ ਕਮਲ ਤਕ ਨਹੀਂ ਪਹੁੰਚ ਸਕਦਾ ਹੈ। ਉਹ ਨਾ ਇਧਰ ਦਾ ਰਹਿੰਦਾ ਹੈ ਨਾ ਉਧਰ ਦਾ। ਪਰ ਪੁਸ਼ਕਰਨੀ ਦੇ ਵਿਚਕਾਰ ਹੀ, ਚਿਕੜ ਵਿਚ ਫਸਕੇ, ਦੁੱਖ ਪਾ ਰਿਹਾ ਹੈ। ਇਹ ਪਹਿਲੇ ਮਨੁੱਖ ਦੀ ਗੱਲ ਹੋਈ। (2)

### ਦੂਸਰਾ ਪੁਰਸ਼

ਹੁਣ ਦੂਸਰੇ ਆਦਮੀ ਦੀ ਗੱਲ ਸੁਣੋ। ਉਹ ਦਖਣ ਦਿਸ਼ਾ ਵਲੋਂ ਆਉਂਦਾ ਹੈ ਪੁਸ਼ਕਰਨੀ ਸਰੋਵਰ ਕੋਲ ਪਹੁੰਚ ਜਾਂਦਾ ਹੈ। ਪੁਸ਼ਕਰਨੀ ਸਰੋਵਰ ਦੇ ਕਿਨਾਰੇ ਖੜੋ ਕੇ ਸੁੰਦਰ ਰਚਨਾ ਵਾਲੇ, ਪ੍ਰਸ਼ਨਤਾ ਦੇਨ ਵਾਲੇ, ਮਨੋਹਰ ਤੇ ਸਫੈਦ ਕਮਲ ਨੂੰ ਵੇਖਦਾ ਹੈ। ਉਹ ਪਹਿਲੇ ਫਸੇ ਮਨੁੱਖ ਨੂੰ ਵੇਖਦਾ ਹੈ, ਜੋ ਕਿਨਾਰੇ ਨੂੰ ਛੱਡਨ ਕਾਰਣ, ਸਫੈਦ ਕਮਲ ਤਕ ਨਹੀਂ ਪਹੁੰਚ ਸਕਿਆ। ਜੋ ਨਾ ਇਧਰ ਦਾ ਹੈ, ਨਾ ਉਧਰ ਦਾ। ਜੋ ਪੁਸ਼ਕਰਨੀ ਸਰੋਵਰ ਦੇ ਚਿਕੜ ਵਿੱਚ ਫਸਿਆ ਹੈ। ਉਸ ਪੁਰਸ਼ ਨੂੰ ਵੇਖ ਕੇ ਨਵਾਂ ਮਨੁੱਖ ਆਖਦਾ ਹੈ ":ਇਹ ਮਨੁੱਖ ਦੁੱਖ ਪਾਉਣ ਵਾਲਾ ਅਗਿਆਨੀ, ਅਨਜਾਨ ਅਤੇ ਬੁਧੀਹੀਣ ਹੈ, ਉਹ ਸੱਚੇ ਮਹਾਪੁਰਸ਼ਾ ਦੇ ਰਾਹ ਤੋਂ ਅਣਜਾਣ ਹੈ। ਰਾਹ ਦਾ ਜਾਨਕਾਰ ਨਹੀਂ, ਮਨ ਚਾਹੁੰਦੀ ਸਿਧੀ ਪ੍ਰਾਪਤੀ ਦਾ ਰਾਹ ਵੀ ਨਹੀਂ ਜਾਨਦਾ। ਇਸ ਲਈ ਦੂਸਰਾ ਪੁਰਸ਼ ਆਖਦਾ ਹੈ ਕਿ "ਮੈਂ ਮੇਹਨਤੀ ਤੇ ਕੁਸ਼ਲ ਹਾਂ।

ਮੈਂ ਮੇਹਨਤ ਨੂੰ ਜਾਨਣ ਵਾਲਾ ਪੰਡਤ, ਪੱਕੀ ਬੁੱਧੀ ਵਾਲਾ ਰਾਹ ਦਾ ਜਾਨਦਾਰ, ਮਾਰਗ ਸਥਿੱਤ, ਸਿਧੀ ਮਾਰਗ ਦਾ ਜਾਨਣ ਵਾਲਾ ਹਾਂ, ਮੈਂ ਉਸ ਉੱਤਮ ਪੁੰਡਰੀਕ ਕਮਲ ਨੂੰ ਪੁਸ਼ਕਰਨੀ ਵਿਚੋਂ ਬਾਹਰ ਲੈ ਆਵਾਂਗਾ।

ਇਸ ਪ੍ਰਕਾਰ ਆਖਕੇ ਦੂਸਰਾ ਪੁਰਸ਼ ਪੁਸ਼ਕਰਨੀ ਸਰੋਵਰ ਵਿੱਚ ਘੁਸਦਾ ਹੈ। ਉਹ ਜਿਉਂ ਜਿਉਂ ਅੱਗੇ ਜਾਂਦਾ ਹੈ ਤਿਉਂ - ਤਿਉਂ ਉਸਨੂੰ ਬਹੁਤ ਪਾਣੀ ਤੇ ਬਹੁਤ ਚਿਕੜ ਮਿਲਦਾ ਹੈ ਉਹ ਕਿਨਾਰੇ ਤੋਂ ਛੁਟ ਜਾਂਦਾ ਹੈ ਪਰ ਪੁੰਡਰਿਕ ਕਮਲ ਤਕ ਨਹੀਂ ਪਹੁੰਚਦਾ। ਨਾ ਇਧਰ ਦਾ ਰਹਿੰਦਾ ਹੈ ਨਾ ਉਧਰ ਦਾ। ਪੁਸ਼ਕਰਨੀ ਸਰੋਵਰ ਵਿਚਕਾਰ ਫਸ ਜਾਂਦਾ ਹੈ ਇਹ ਦੂਸ਼ਰੇ ਪੁਰਸ਼ ਦੀ ਗੱਲ ਹੋਈ। (3)

### ਤੀਸਰਾ ਪੁਰਸ਼

ਹੁਣ ਤੀਸਰਾ ਮਨੁੱਖ ਪੱਛਮ ਦਿਸ਼ਾ ਵਲੋਂ ਪੁਸ਼ਕਰਨੀ ਵੱਲ ਆਉਂਦਾ ਹੈ। (ਬਾਕੀ ਦਾ ਵਿਰਤਾਂਤ ਤੇ ਅਰਥ ਪਹਿਲੇ ਦੋ ਪੋਰਸ਼ਾ ਵਾਲਾ ਹੈ।) ਉਹ ਵੀ ਖਹਿਲੇ ਦੋ ਪੁਰਸ਼ਾਂ ਦੀ ਤਰ੍ਹਾਂ ਫਸ ਜਾਂਦਾ ਹੈ। (4)

**ਚੌਥਾ ਪੁਰਸ਼**

ਚੌਥਾ ਪੁਰਸ਼ ਉੱਤਰ ਦਿਸ਼ਾ ਵਲੋਂ ਪੁਸ਼ਕਰਨੀ ਸਰੋਵਰ ਵਿੱਚ ਪ੍ਰਵੇਸ਼ ਕਰਦਾ ਹੈ। ਉਹ ਪਹਿਲੇ ਤਿੰਨ ਪੁਰਸ਼ਾਂ ਦੀ ਤਰ੍ਹਾਂ ਸੋਚਦਾ ਹੈ ਪਰ ਉਹ ਵੀ ਕਮਲ ਤਕ ਨਹੀਂ ਪਹੁੰਚ ਸਕਦਾ ਤੇ ਚਿਕੜ ਵਿੱਚ ਫਸ ਜਾਂਦਾ ਹੈ। (5)

(ਚੌਥੇ ਪੁਰਸ਼ ਦਾ ਵਿਰਤਾਂਤ ਪਹਿਲੇ ਤਿੰਨ ਪੁਰਸ਼ ਦੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ)।

**ਭਿਖਸ਼ੂ ਦਾ ਵਿਰਤਾਂਤ**

ਇਸਤੋਂ ਵਾਅਦ ਇਕ ਰਾਗ ਦਵੇਸ਼ ਰਹਿਤ ਸੰਸਾਰ ਸਾਗਰ ਨੂੰ ਪਾਰ ਕਰਨ ਵਾਲਾ ਗਿਆਨੀ ਭਿਖਸ਼ੂ ਕਿਸੇ ਦਿਸ਼ਾ ਜਾਂ ਉਪ ਦਿਸ਼ਾ ਵਲੋਂ ਘੁਮਦਾ, ਉਸ ਪੁਸ਼ਕਰਨੀ ਸਰੋਵਰ ਦੇ ਕਿਨਾਰੇ ਖੜਾ, ਉਸ ਪੁੰਡਰੀਕ ਕਮਲ ਨੂੰ ਵੇਖਦਾ ਹੈ । ਜੋ ਮਨੋਹਰ ਹੈ। ਸਾਧੂ ਉਨ੍ਹਾਂ ਚਾਰੇ ਪੁਰਸ਼ਾਂ ਨੂੰ ਵੀ ਵੇਖਦਾ ਹੈ, ਜੋ ਕਿਨਾਰੇ ਨੂੰ ਛੱਡ ਚੁੱਕੇ ਹਨ। ਉਹ ਕਮਲ ਤਕ ਨਹੀਂ ਪਹੁੰਚ ਸਕੇ। ਜੋ ਨਾ ਇਧਰ ਦੇ ਹਨ ਨਾ ਉਧਰ ਦੇ ਰਹੇ ਹਨ। ਚਿੱਕੜ ਵਿੱਚ ਫਸਕੇ ਦੁਖ ਪਾ ਰਹੇ ਹਨ।

ਇਹ ਵੇਖ ਕੇ ਸਾਧੂ ਇਸ ਪ੍ਰਕਾਰ ਬੋਲਦਾ ਹੈ। "ਇਹ ਚਾਰੇ ਪੁਰਸ਼ ਸਮੇਂ ਦੇ ਜਾਨਕਾਰ ਨਹੀਂ, ਅਕੁਸ਼ਲ (ਅਨਾੜੀ) ਤੇ ਈਸ਼ਟ ਦੀ ਸਿਧੀ ਦਾ ਰਾਹ ਨਹੀਂ ਜਾਣਦੇ।" ਇਹ ਸਾਰੇ ਪੁਰਸ਼ ਮਨਦੇ ਹਨ ਕਿ ਅਸੀਂ ਇਸ ਉੱਤਮ ਪੁੰਡਰਿਕ ਨੂੰ ਬਾਹਰ ਲੈ ਆਵਾਂਗੇ। ਪਰ ਇਹ ਪੁੰਡਰਿਕ ਇਸ ਤਰ੍ਹਾਂ ਬਾਹਰ ਨਹੀਂ ਨਿਕਲਦਾ ਜਿਵੇਂ ਇਹ ਪੁਰਸ਼ ਮੰਨਦੇ ਹਨ।

"ਮੈਂ ਸੰਸਾਰ ਤੋਂ ਅਲਿਪਤ ਹਾਂ, ਸੰਸਾਰ ਸਾਗਰ ਨੂੰ ਪਾਰ ਹੋਣ ਦੀ ਇੱਛਾ ਕਰਦਾ ਹਾਂ, ਈਸ਼ਟ ਸਿਧੀ ਦਾ ਰਾਹ ਜਾਣਦਾ ਹਾਂ, ਮੈਂ ਇਸ ਉਤਮ ਕਮਲ ਨੂੰ ਬਾਹਰ ਲੈ ਆਵਾਂਗਾ। ਉਹ ਕਿਨਾਰੇ ਤੇ ਖੜਾ ਹੋਕੇ ਸਫੇਦ ਕਮਲ ਨੂੰ ਪੁਕਾਰਦਾ ਹੈ।" ਹੇ ਮਹਾਪਦਮ ! ਪੁੰਡਰਿਕ, ਬਾਹਰ ਕਿਨਾਰੇ ਤੇ ਆਵੋ "ਅਜੇਹਾ ਆਖਣ ਤੇ ਕਮਲ ਆਪਣੇ ਆਪ ਬਾਹਰ ਆ ਜਾਂਦਾ ਹੈ। (6)

ਪੁਸ਼ਕਰਨੀ ਸਰੋਵਰ ਕਮਲ ਵਾਰੇ ਦਸਣ ਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਕਿਹਾ ਹੈ "ਆਯੁਸ਼ਮਾਨ ਸ਼੍ਰਮਣੋ ! ਤੁਹਾਨੂੰ ਇਕ ਉਦਾਹਰਣ ਸੁਣਾਇਆ ਗਿਆ ਹੈ, ਹੁਣ ਤੁਹਾਨੂੰ ਇਸ ਦ੍ਰਿਸ਼ਟਤਾਂਤ ਦਾ ਅਰਥ ਵੀ ਸਮਝ ਲੈਣਾ ਚਾਹੀਦਾ ਹੈ।"

"ਹਾਂ ਭਗਵਾਨ" ਸਾਧੂ ਤੇ ਸਾਧਵੀਆਂ ਨੇ ਸ਼੍ਰਮਣ ਭਗਵਾਨ ਮਹਾਵੀਰ ਨੂੰ ਬੰਦਨਾ ਨਮਸ਼ਕਾਰ ਕਰਕੇ ਆਖਿਆ। ਫੇਰ ਸਾਧੂ ਸਾਧਵੀਆਂ ਨੇ ਬੇਨਤੀ ਕੀਤੀ "ਹੇ ਆਯੁਸ਼ਮਾਨ ! ਪ੍ਰਭੂ ! ਜੋ ਤੁਸੀਂ ਉਦਾਹਰਨ ਫੁਰਮਾਇਆ ਹੈ ਉਸਦਾ ਅਰਥ ਸਾਡੀ ਸਮਝ ਤੋਂ ਬਾਹਰ ਹੈ।"

(ਭਾਵ ਆਪ ਹੀ ਇਸ ਦਾ ਅਰਥ ਸਮਝਾਓ)

"ਹੇ ਆਯੁਸਮਾਨ ਸਾਧੂ ਸਾਧਵੀਓ ! ਇਸ ਤਰ੍ਹਾਂ ਸੰਬੋਧਿਤ ਭਾਸ਼ਾ ਵਿੱਚ ਭਗਵਾਨ ਮਹਾਵੀਰ ਨੇ, ਉਨ੍ਹਾਂ ਸਾਧੂ ਸਾਧਵੀਆਂ ਨੂੰ ਆਖਿਆ" ਮੈਂ ਇਸਦਾ ਅਰਥ ਇਸ ਪ੍ਰਕਾਰ

ਆਖਦਾ ਹਾਂ, ਪਰਿਆਏਵਾਚੀ (ਸਮਾਨ ਅਰਥ) ਸ਼ਬਦਾਂ ਰਾਹੀਂ ਪ੍ਰਗਟ ਕਰਦਾ ਹਾਂ ! ਉਦਾਹਰਨਾਂ ਨਾਲ ਸਮਝਾਉਂਦਾ ਹਾਂ : ਅਰਥ (ਪ੍ਰਯੋਜਨ) ਹੇਤੂ (ਕਾਰਣ) ਤੇ ਨਿਮਿਤ ਰਾਹੀਂ ਸਿਧ ਕਰਕੇ ਵਾਰ ਵਾਰ ਦਸਦਾ ਹਾਂ। ਉਪਰੋਕਤ ਉਦਾਹਰਣ ਦਾ ਅਰਥ ਹੁਣੇ ਹੀ ਦਸ਼ਦਾ ਹਾਂ। (7)

## ਪੁਸ਼ਕਰਨੀ ਤੇ ਲੋਕ :

(ਸ਼੍ਰੀ ਸ਼੍ਰਮਣ ਭਗਵਾਨ ਮਹਾਵੀਰ ਇਸ ਉਦਾਹਰਨ ਦਾ ਅਰਥ ਦਸ਼ਦੇ ਹੋਏ ਫਰਮਾਉਂਦੇ ਹਨ) ਹੇ ਆਯੁਸ਼ਮਾਨ ! ਸਾਧੂ ਤੇ ਸਾਧਵੀਓ ! ਮੈਂ ਇਸ ਲੋਕ ਨੂੰ ਆਪਣੀ ਕਲਪਨਾ ਅਨੁਸਾਰ ਪੁਸ਼ਕਰਨੀ ਸਰੋਵਰ ਦੀ ਤਰ੍ਹਾਂ ਮੰਨਦਾ ਹਾਂ। ਹੇ ਆਯੁਸ਼ਮਾਨ ਸ਼੍ਰਮਣੋ ! (ਸਾਧੂ ਸਾਧਵੀ) ਮੈਂ ਆਪਣੀ ਕਲਪਣਾ ਅਨੁਸਾਰ ਕਰਮਾਂ ਨੂੰ ਪੁਸ਼ਕਰਨੀ ਦਾ ਜਲ ਮੰਨਦਾ ਹਾਂ। ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਕਾਮ ਭੋਗਾਂ ਨੂੰ ਪੁਸ਼ਕਰਨੀ ਸਰੋਵਰ ਦਾ ਚਿੱਕੜ ਸਮਝ ਕੇ ਕਲਪਨਾ ਕਰਦਾ ਹਾਂ। ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਆਰੀਆ ਦੇਸ਼ ਦੇ ਮਨੁੱਖਾਂ ਨੂੰ ਤੇ ਦੇਸ਼ਾਂ ਨੂੰ ਕਮਲ ਆਖਦਾ ਹਾਂ। ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਾਲਪਨਿਕ ਬੁੱਧੀ ਅਨੁਸਾਰ ਰਾਜਾ ਨੂੰ ਸਰੋਵਰ ਦਾ ਸਫੇਦ ਕਮਲ ਆਖਦਾ ਹਾਂ। ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਅਨਯੂਥਕ (ਦੂਸਰੇ ਵਿਚਾਰ ਧਾਰਾਵਾਂ ਦੇ ਧਾਰਮਿਕ ਮਨੁੱਖ) ਨੂੰ ਚਿੱਕੜ ਵਿੱਚ ਫਸੇ ਚਾਰ ਮਨੁਖ ਆਖਦਾ ਹਾਂ। ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਧਰਮ ਨੂੰ ਭਿਖਸ਼ੂ ਆਖਦਾ ਹਾਂ। ਹੇ ਆਯੁਸ਼ਮਾਨ ਸ਼ਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਤੀਰਥੰਕਰਾਂ ਦੇ ਸੱਚੇ ਧਰਮ ਨੂੰ ਸਰੋਵਰ ਦਾ ਕਿਨਾਰਾ ਆਖਦਾ ਹੈ। ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਆਪਣੀ ਕਲਪਨਾ ਅਨੁਸਾਰ ਧਰਮ ਕਥਾ ਨੂੰ ਭਿਖਸ਼ੂ ਦਾ ਆਖਿਆ ਸ਼ਬਦ ਆਖਦਾ ਹਾਂ। ਹੇ ਆਯੁਸ਼ਮਾਨ ਸ਼੍ਰਮਣੋ ! ਨਿਰਵਾਨ (ਮੁਕਤੀ) ਨੂੰ ਮੈਂ ਆਪਣੀ ਕਲਪਨਾ ਅਨੁਸਾਰ ਕਮਲ ਦਾ ਬਾਹਰ ਆਉਣਾ ਆਖਦਾ ਹਾਂ। ਹੇ ਆਯੁਸ਼ਮਾਨ ਸ਼੍ਰਮਣੋ ! ਮੈਂ ਇਸ ਕਲਪਨਾ ਰਾਹੀਂ ਸੰਸਾਰ ਦਾ ਸ਼ਵਰੂਪ ਦਸਿਆ ਹੈ। (8)

ਇਹ ਮਨੁੱਖ ਲੋਕ ਵਿਚ, ਪੂਰਬ, ਪੱਛਮ, ਉੱਤਰ ਤੇ ਦੱਖਣ ਵਲ ਕਿੰਨੇ ਹੀ ਮਨੁੱਖ ਰਹਿੰਦੇ ਹਨ। ਕੋਈ ਆਰੀਆ (ਸ਼ਰੇਸ਼ਟ) ਹਨ, ਕੋਈ ਅਨਾਰੀਆ ਹਨ। ਕੋਈ ਉਚੇ ਗੋਤ ਵਾਲੇ ਹਨ, ਕਈ ਨੀਚ ਗੋਤ ਵਾਲੇ ਹਨ। ਕਈ ਮਜਬੂਤ ਸ਼ਰੀਰ ਵਾਲੇ ਹਨ, ਕਈ ਮਾੜੇ ਸ਼ਰੀਰ ਵਾਲੇ ਹਨ। ਕੋਈ ਗੋਰੇ ਹਨ, ਕਈ ਕਰੂਪ ਹਨ।

ਉਨ੍ਹਾਂ ਮਨੁੱਖਾਂ ਵਿਚ ਕੋਈ ਰਾਜਾ ਹੈ। ਉਹ ਰਾਜਾ ਮਹਾਹਿਮਵਾਨ, ਮਲਯ, ਮੰਦਰ ਤੇ ਮਹੇਂਦਰ ਪਰਵਤ ਦੀ ਤਰ੍ਹਾਂ ਸ਼ਕਤੀ ਵਾਲਾ ਤੇ ਰਿਧੀ ਸਿਧੀ ਵਾਲਾ ਹੁੰਦਾ ਹੈ। ਉਹ ਬਹੁਤ ਹੀ ਸ਼ੁਧ ਕੁਲ ਵਿਚ ਜਨਮ ਲੈਂਦਾ ਹੈ। ਉਸ ਦੇ ਅੰਗ-ਉਪਅੰਗ ਜਨਮ ਤੋਂ ਰਾਜਿਆਂ ਦੇ

ਲੱਛਣ ਨਾਲ ਸੁਸ਼ੋਭਿਤ ਹੁੰਦੇ ਹਨ। ਉਹ ਬਹੁਤ ਲੋਕਾਂ ਦਾ ਪੂਜਨੀਕ ਹੁੰਦਾ ਹੈ। ਸਾਰੇ ਗੁਣਾਂ ਨਾਲ ਭਰਪੂਰ ਹੁੰਦਾ ਹੈ। ਰਾਜਪਾਟ ਤੇ ਰਾਜਤਿਲਕ ਰਾਹੀਂ ਗਦੀ ਤੇ ਬੈਠਦਾ ਹੈ। ਮਾਂ ਪਿਤੇ ਦਾ ਪਿਆਰਾ ਸਪੁੱਤਰ ਹੁੰਦਾ ਹੈ। ਪਰਜਾ ਦੀ ਦੇਖਭਾਲ ਲਈ ਮਰਿਆਦਾ ਸਥਾਪਿਤ ਕਰਦਾ ਹੈ।

ਉਹ ਮਰਿਆਦਾ ਦੀ ਖੁਦ ਵੀ ਪਾਲਨ ਕਰਦਾ ਹੈ। ਉਹ ਲੋਕਾਂ ਦਾ ਕਲਿਆਨ ਕਰਨ ਵਾਲਾ ਤੇ ਆਪਣਾ ਕਲਿਆਨ ਕਰਨ ਵਾਲਾ ਹੁੰਦਾ ਹੈ। ਮਨੁੱਖ ਵਿਚ ਇੰਦਰ ਦੀ ਤਰ੍ਹਾਂ, ਦੇਸ਼ ਦਾ ਪਿਤਾ ਤੇ ਦੇਸ਼ ਦੀ ਸ਼ਾਂਤੀ ਸਥਾਪਿਤ ਕਰਨ ਵਾਲਾ ਪੁਰੋਹਿਤ ਹੁੰਦਾ ਹੈ। ਵਿੱਵਸਥਾ ਤੇ ਅਨੋਖੇ ਕਮ ਕਰਨ ਵਾਲਾ ਹੁੰਦਾ ਹੈ। ਉਹ ਪੁਰਸ਼ਾਂ ਵਿਚ ਸ਼ਰਸ਼ਟ, ਪੁਰਸ਼ਾਂ ਵਿਚ ਸਫੇਦ ਕਮਲ ਦੀ ਤਰ੍ਹਾਂ, ਗੰਧ ਹਸਤੀ (ਹਾਥੀ ਦੀ ਤਰ੍ਹਾਂ) ਧਨਵਾਨ, ਤੇਜਵਾਨ ਤੇ ਪ੍ਰਸਿਧ ਹੁੰਦਾ ਹੈ, ਉਹਦੇ ਬਹੁਤ ਸਾਰੇ ਵਿਸਥਾਰ ਵਾਲੇ ਮਹਿਲ, ਪਲੰਗ, ਆਸਨ, ਪਾਲਕੀ ਆਦਿ ਸਵਾਰੀਆਂ, ਤੇ ਹਾਥੀ ਘੋੜੇ ਹੁੰਦੇ ਹਨ। ਉਹ ਧਨ, ਅਨਾਜ, ਸੋਨਾ ਚਾਂਦੀ ਨਾਲ ਭਰਪੂਰ ਹੁੰਦਾ ਹੈ। ਉਸ ਨੂੰ ਬਹੁਤ ਸਾਰੀ ਆਮਦਨ ਤੇ ਖਰਚੇ ਹੁੰਦੇ ਹਨ, ਬਹੁਤ ਲੋਕਾਂ ਨੂੰ ਭੋਜਨ ਪਾਣੀ ਦਿੰਦਾ ਹੈ, ਉਸ ਕੋਲ ਦਾਸੀਆਂ, ਦਾਸ, ਗਊਆਂ, ਮਝਾਂ ਤੇ ਬਕਰੀਆ ਹੁੰਦੀਆਂ ਹਨ। ਉਸ ਦਾ ਖਜਾਨਾ ਤੇ ਅਨਾਜ ਭੰਡਾਰ ਭਰਪੂਰ ਹੁੰਦਾ ਹੈ। ਹਥਿਆਰਾਂ ਨਾਲ ਭੰਡਾਰ ਭਰੇ ਰਹਿੰਦੇ ਹਨ। ਉਹ ਖੁਦ ਬਲਵਾਨ ਹੁੰਦਾ ਹੈ। ਪਰ ਦੁਸ਼ਮਨਾਂ ਨੂੰ ਕਮਜ਼ੋਰ ਬਣਾਕੇ ਰਖਦਾ ਹੈ। ਪ੍ਰਜਾ ਵਿਚ ਅਸ਼ਾਂਤੀ ਤੇ ਦੁਖ ਪੈਦਾ ਕਰਨ ਵਾਲੇ ਚੋਰਾਂ ਤੇ ਬਦਮਾਸ਼ਾਂ, ਗੁੰਡਿਆਂ ਤੇ ਅੱਤਵਾਦੀਆਂ ਦਾ ਖਾਤਮਾ ਕਰਦਾ ਹੈ। ਉਹ ਹੰਕਾਰ ਨੂੰ ਤੋੜ ਦਿੰਦਾ ਹੈ। ਉਹ ਹੰਕਾਰ ਦਾ ਮੂਲ ਹੀ ਖਤਮ ਕਰ ਦਿੰਦਾ ਹੈ। ਉਹ ਹੰਕਾਰ ਨੂੰ ਕੰਡਿਆਂ ਤੋਂ ਰਹਿਤ ਕਰ ਦਿੰਦਾ ਹੈ। ਇਸ ਤਰ੍ਹਾਂ ਦੁਸ਼ਮਨਾਂ ਨੂੰ ਖਤਮ ਕਰਕੇ ਨਸ਼ਟ ਕਰਕੇ ਕੁਚਲਕੇ ਉਖੜਾ ਕੇ, ਹਰਾ ਦਿੰਦਾ ਹੈ। ਇਸ ਦੇ ਰਾਜ ਵਿਚ ਅਕਾਲ ਤੇ ਮਹਾਮਾਰੀ ਆਦਿ ਨਹੀਂ ਹੁੰਦਾ। ਬਾਕੀ ਦਾ ਵਰਨਣ ਔਪ ਪਾਤਿਕ ਸੂਤਰ ਵਿਕ ਵੇਖਕੇ ਸਭਝ ਲੈਣਾ ਚਾਹੀਦਾ ਹੈ। ਇਥੋਂ ਤੱਕ ਕਿ ਉਹ ਰਾਜਾ ਆਪਣੇ ਜਾਂ ਪਰਾਏ ਦੇ ਜਾਲ ਵਿਚ ਨਹੀਂ ਫਸਦਾ ਹੋਇਆ ਰਾਜ ਕਰਦਾ ਹੈ।

ਉਸ ਰਾਜਾ ਦੀ ਇਕ ਸਭਾ ਹੁੰਦੀ ਹੈ, ਉਸ ਸਭਾ ਵਿਚ ਉਗਰਕੁਲ ਤੇ ਉਨ੍ਹਾਂ ਦੇ ਪੁੱਤਰ, ਭੋਗਕੁਲ ਤੇ ਭੋਗ ਪੁਤਰ, ਇਕਸ਼ਬਾਕੂ ਕੁਲ ਤੇ ਇਕਸ਼ਬਾਕੂ ਪੁਤਰ, ਗਿਆਤਕੁਲ ਤੇ ਗਿਆਤਾਪੁਤਰ, ਕੌਰਵਕਲ ਤੇ ਕੋਰਵ ਪੁਤਰ, ਬ੍ਰਾਹਮਣ ਕੁਲ ਤੇ ਬ੍ਰਾਹਮਣ ਪੁੱਤਰ ਲਿੱਛਵੀ ਕੁਲ ਤੇ ਲਿੱਛਵੀ ਪੁੱਤਰ, ਮੰਤਰੀ ਤੇ ਮੰਤਰੀ ਪੁੱਤਰ, ਸੈਨਾਪਤੀ ਤੇ ਸੈਨਾਪਤੀ ਪੁੱਤਰ ਹੁੰਦੇ ਹਨ।

ਰਾਜਾ ਦੀ ਸਭਾ ਵਿਚ ਕਈ ਮੰਤਰੀ ਇਕ ਧਰਮ ਦੇ ਸ਼ਰਧਾਲੂ ਹੁੰਦੇ ਹਨ। ਕੋਈ ਸ੍ਰਮਣ ਤੇ ਬ੍ਰਾਹਮਣ, ਉਸ ਧਰਮ ਸ਼ਰਧਾਲੂ ਕੋਲ ਜਾਣ ਵਾਰੇ ਵਿਚਾਰ ਕਰਦੇ ਹਨ। ਕਿਥੇ ਵੀ ਇਕ ਧਰਮ ਦੀ ਵਿਆਖਿਆ ਕਰਨ ਵਾਲੇ ਸ਼੍ਰਮਣ ਤੇ ਬ੍ਰਾਹਮਣ ਸੋਚਦੇ ਹਨ ਕਿ ਅਸੀਂ ਇਸ ਸ਼ਰਧਾਲੂ ਨੂੰ ਧਰਮ ਉਪਦੇਸ਼ ਕਰੀਏ। ਅਜਿਹਾ ਸੋਚਕੇ ਉਹ ਉਸ (ਸ਼ਰਧਾਲੂ) ਕੋਲ

ਪੁਰਸ਼ ਛੋਲ ਆਉਂਦੇ ਹਨ ਤੇ ਆਖਦੇ ਹਨ, "ਹੇ ਪੂਜਾ ਨੂੰ ਭੇ ਮੁਕਰ ਕਰਨ ਵਾਲੇ ਰਾਜਨ ! ਮੈਂ ਉੱਤਮ ਧਰਮ ਦਸਦਾ ਹਾਂ, ਉਸ ਨੂੰ ਸੱਚ ਸਮਝੋ ਉਹ ਧਰਮ ਇਸ ਪ੍ਰਕਾਰ ਹੈ :

## ਤੱਜ ਜੀਵਤ ਸ਼ਰੀਰਵਾਦੀ ਦੀ ਮਾਨਤਾ—

ਪੈਰ ਦੇ ਤੱਲੇ ਤੋਂ ਉਪਰ, ਮੱਥੇ ਤੇ ਗਿਰੇ ਬਾਲਾਂ ਤੋਂ ਉੱਚਾ, ਚਮੜੀ ਵਾਲਾ ਸ਼ਰੀਰ ਜੋ ਸ਼ਰੀਰ ਹੋਵੇ ਉਹ ਹੀ ਜੀਵ ਹੈ, ਉਹ ਸ਼ਰੀਰ ਹੀ ਜੀਵ ਦਾ ਸਮੁਚਾਪਣ ਹੈ ਸ਼ਰੀਰ ਤੋਂ ਛੁਟ ਕੋਈ ਆਤਮਾ ਆਦਿ ਨਹੀਂ । ਕਿਉਂਕਿ ਸ਼ਰੀਰ ਦਾ ਜਿਉਂਦੇ ਹੀ ਜੀਵ ਰਹਿੰਦਾ ਹੈ । ਸ਼ਰੀਰ ਦੇ ਮਰ ਜਾਨ ਨਾਲ ਜੀਵ (ਆਤਮਾ) ਮਰ ਜਾਂਦਾ ਹੈ । ਸ਼ਰੀਰ ਦੀ ਹੋਂਦ ਨਾਲ ਜੀਵ ਦੀ ਹੋਂਦ ਹੈ, ਸ਼ਰੀਰ ਦਾ ਨਸ਼ਟ ਹੋਣਾ ਜੀਵ ਦਾ ਨਸ਼ਟ ਹੋ ਜਾਣਾ ਹੈ । ਇਸ ਲਈ ਜਦ ਇਹ ਸ਼ਰੀਰ ਨਸ਼ਟ ਹੋ ਜਾਂਦਾ ਹੈ ਤਦ ਉਸ ਨੂੰ ਫੂਕਣ ਲਈ ਦੂਸਰੀ ਜਗ੍ਹਾ (ਸ਼ਮਸ਼ਾਨ ਘਾਟ) ਲੈ ਜਾਂਦੇ ਹਨ ਅੱਗ ਵਿਚ ਜਲਕੇ ਹੱਡੀਆਂ ਕਬੂਤਰ ਦੇ ਰੰਗ ਵਰਗੀਆਂ ਹੋ ਜਾਂਦੀਆਂ ਹਨ, ਫੇਰ ਅਰਥੀ ਚੁਕਨ ਵਾਲੇ ਚਾਰ ਆਦਮੀ ਵੀ ਪਿੰਡ ਵਾਪਸ ਆ ਜਾਂਦੇ ਹਨ । ਇਸ ਗੱਲ ਤੋਂ ਸਿਧ ਹੈ ਕਿ ਸ਼ਰੀਰ ਤੋਂ ਭਿੰਨ ਕਿਸੇ ਹੋਰ ਜੀਵ ਪਦਾਰਥ ਦੀ ਹੋਂਦ ਨਹੀਂ । ਜੇ ਹੋਂਦ ਹੁੰਦੀ ਤਾਂ ਸਾਫ਼ ਵਿਖਾਈ ਦਿੰਦੀ । ਮਰਨ ਤੋਂ ਬਾਅਦ ਕੁਝ ਵੀ ਵਿਖਾਈ ਨਹੀਂ ਦਿੰਦਾ ਇਸ ਲਈ ਸ਼ਰੀਰ ਤੋਂ ਛੁੱਟ ਕੋਈ ਜੀਵ ਨਹੀਂ । ਲੋਕ ਆਖਦੇ ਹਨ ਕਿ ਜੀਵ ਅਲਗ ਹੈ ਤੇ ਸ਼ਰੀਰ ਅਲਗ ਹੈ, ਉਹ ਦੋਹਾਂ ਨੂੰ ਅੱਡ ਵਿਖਾ ਨਹੀ ਸਕਦੇ ।

"ਆਤਮਾ ਲੰਬੀ ਹੈ, ਛੋਟੀ ਹੈ, ਚੰਦਰਮਾ ਦੀ ਤਰ੍ਹਾਂ ਗੋਲ ਹੈ ਜਾਂ ਗੇਂਦ ਦੀ ਤਰ੍ਹਾਂ ਗੋਲ ਹੈ, ਤਿਕੋਣ ਹੈ, ਚੋਰਸ ਹੈ, ਛੇ ਕੋਣ ਹੈ, ਉਹ (ਆਤਮਵਾਦੀ) ਨਹੀਂ ਦਸ ਸਕਦੇ । ਉਹ ਇਹ ਵੀ ਨਹੀਂ ਦਸ ਸਕਦੇ ਕਿ ਜੀਵ ਆਤਮਾ ਕਾਲਾ, ਨੀਲਾ, ਪੀਲਾ, ਲਾਲ, ਚਿੱਟਾ, ਹੈ ? ਸੁਗੰਧ ਵਾਲਾ ਹੈ ਜਾਂ ਦੁਰਗੰਧ ਵਾਲਾ ? ਤੇਜ਼ ਹੈ, ਕੋੜਾ ਹੈ, ਕਸਾਇਲਾ ਹੈ ਖੱਟਾ ਹੈ, ਮਿੱਠਾ ਹੈ ਖੁਰਦਰਾ ਹੈ, ਮੁਲਾਇਮ ਹੈ, ਭਾਰਾ ਹੈ, ਇਸ ਲਈ ਜੋ ਲੋਕ ਆਤਮਾ ਤੋਂ ਸ਼ਰੀਰ ਨੂੰ ਭਿੰਨ ਨਹੀਂ ਮੰਨਦੇ ਉਨ੍ਹਾਂ ਦਾ ਮੱਤ ਠੀਕ ਹੈ, ਤਰਕ ਪੂਰਨ ਹੈ ਪਰ ਜੋ ਲੋਕ ਸ਼ਰੀਰ ਤੇ ਜੀਵ (ਆਤਮਾ) ਨੂੰ ਅੱਡ ਮੰਨਦੇ ਹਨ । ਉਨ੍ਹਾਂ ਦਾ ਮੱਤ ਸਿਧ ਨਹੀਂ ਹੋ ਸਕਦਾ ।

ਜਿਵੇਂ ਕੋਈ ਮਿਆਨ ਵਿਚੋਂ ਤਲਵਾਰ ਬਾਹਰ ਕੱਢ ਦਿੰਦਾ ਹੈ ਅਤੇ ਆਖਦਾ ਹੈ ਵੇਖੋ ਆਯੁਸ਼ਮਾਨ ! ਇਹ ਮਿਆਨ ਹੈ ਇਹ ਤਲਵਾਰ ਹੈ । ਇਸੇ ਤਰ੍ਹਾਂ ਜੀਵ (ਆਤਮਾ) ਤੇ ਸ਼ਰੀਰ ਨੂੰ ਕੋਈ ਮਨੁਖ ਵੱਖ ਵੱਖ ਕਰਕੇ ਇਹ ਨਹੀਂ ਆਖ ਸਕਦਾ ਕਿ ਇਹ ਆਤਮਾ ਹੈ ਇਹ ਸ਼ਰੀਰ ਹੈ ।

"ਜਿਵੇਂ ਕੋਈ ਸੂਈ ਤੋਂ ਧਾਗੇ ਨੂੰ ਅੱਡ ਕਰਕੇ ਆਖਦਾ ਹੈ "ਵੇਖੋ ਆਯੁਸ਼ਮਾਨ ! ਇਹ ਰਹੀ ਸੂਈ ਤੇ ਇਹ ਧਾਗਾ, ਇਸੇ ਤਰ੍ਹਾਂ ਕੋਈ ਜੀਵ ਆਤਮਾ ਤੇ ਸ਼ਰੀਰ ਨੂੰ ਵੱਖ ਕਰਕੇ ਇਹ ਨਹੀਂ ਆਖ ਸਕਦਾ ਕਿ "ਹੇ ਆਯੁਸ਼ਮਾਨ ! ਇਹ ਆਤਮਾ ਹੈ, ਇਹ ਸ਼ਰੀਰ ਹੈ ।"

ਜਿਵੇਂ ਕੋਈ ਪੁਰਸ਼ ਮਾਸ ਅਤੇ ਹੱਡੀ ਨੂੰ ਅੱਡ ਕਰਕੇ ਵਿਖਾਉਂਦਾ ਹੈ ਤੇ ਆਖਦਾ ਹੈ, "ਹੇ ਆਯੁਸ਼ਮਾਨ ! 'ਇਹ ਲਵੋਂ ਹੱਡੀ ਤੇ ਇਹ ਵੇਖੋ ਮਾਸ। ਇਸ ਪ੍ਰਕਾਰ ਕੋਈ ਪੁਰਸ਼ ਤੇ ਆਤਮਾ ਨੂੰ ਵੱਖ ਵਿਖਾਉਣ ਵਿਚ ਕੋਈ ਸਮਰਥ ਨਹੀਂ ਅਤੇ ਇਹ ਨਹੀਂ ਆਖ ਸਕਦਾ। ਹੇ ਆਯੁਸ਼ਮਾਨ ਇਹ ਆਤਮਾ ਹੈ ਅਤੇ ਇਹ ਸ਼ਰੀਰ ਹੈ।"

ਜਿਵੇਂ ਕੋਈ ਪੁਰਸ਼ ਹਥੇਲੀ ਤੇ ਆਂਵਲਾ ਰਖ ਕੇ ਵਿਖਾਉਂਦਾ ਹੋਇਆ ਆਖਦਾ ਹੈ "ਹੇ ਆਯੁਸ਼ਮਾਨ ! ਇਹ ਵੇਖੋ ਆਂਵਲਾ ਤੇ ਇਹ ਵੇਖੋ ਹਥੇਲੀ। ਇੰਜ ਜੀਵ ਤੇ ਸ਼ਰੀਰ ਨੂੰ ਅੱਡ-ਅੱਡ ਵਿਖਾਉਣ ਵਿੱਚ ਕੋਈ ਸਮਰਥ ਨਹੀਂ ਅਤੇ ਇਹ ਨਹੀਂ ਆਖ ਸਕਦਾ ਕਿ ਹੇ ਆਯੁਸਮਾਨ ! ਇਹ ਸ਼ਰੀਰ ਹੈ ਅਤੇ ਇਹ ਆਤਮਾ ਹੈ।"

ਜਿਵੇਂ ਕੋਈ ਮਨੁੱਖ ਦਹੀ ਵਿਚੋਂ ਮਖਣ ਬਾਹਰ ਕਰਕੇ ਆਖਦਾ ਹੈ "ਹੇ ਆਯੁਸ਼-ਮਾਨ ! ਇਹ ਵੇਖੋ ਦਹੀ ਇਹ ਵੇਖੋ ਮਖਨ। ਇਸੇ ਤਰਾਂ ਕੋਈ ਵੀ ਮਨੁਖ ਇਹ ਨਹੀਂ। ਆਖ ਸਕਦਾ ਇਹ ਵੇਖੋ ਸ਼ਰੀਰ ਅਤੇ ਇਹ ਵੇਖੋ ਆਤਮਾ।

ਜਿਵੇਂ ਕੋਈ ਪੁਰਸ਼ ਤਿਲਾਂ ਵਿੱਚ ਤੇਲ ਕਢਦਾ ਹੈ ਤੇ ਆਖਦਾ ਹੈ "ਹੇ ਆਯੁਸ਼ਮਾਨ ਇਹ ਤੇਲ ਤੇ ਇਹ ਵੇਖੋ ਖਲ। ਕੋਈ ਵੀ ਜੀਵ ਤੇ ਸ਼ਰੀਰ ਨੂੰ ਇਸ ਤਰ੍ਹਾਂ ਨਹੀਂ ਵਿਖਾ ਸਕਦਾ। ਅਤੇ ਇਹ ਨਹੀਂ ਆਖ ਸਕਦਾ 'ਹੇ ਆਯੁਸ਼ਮਾਨ ! ਇਹ ਸ਼ਰੀਰ ਹੈ ਅਤੇ ਇਹ ਆਤਮਾ ਹੈ।

ਜਿਵੇਂ ਕੋਈ ਗੰਨੇ ਦੇ ਰਸ ਨੂੰ ਅੱਡ ਕਰਕੇ ਆਖਦਾ ਹੈ "ਹੇ ਆਯੁਸ਼ਮਾਨ ! ਇਹ ਰਿਹਾ ਗੰਨਾ ਤੇ ਇਹ ਰਿਹਾ ਰਸ। ਇੰਜ ਕੋਈ ਵੀ ਵਿਖਾ ਨਹੀਂ ਸਕਦਾ ਅਤੇ ਇਹ ਨਹੀਂ ਆਖ ਸਕਦਾ—"ਹੇ ਆਯੁਸ਼ਮਾਨ ! ਇਹ ਸ਼ਰੀਰ ਹੈ ਅਤੇ ਇਹ ਆਤਮਾ ਹੈ।"

ਜਿਵੇਂ ਕੋਈ ਅਰਣੀ ਨਾਮਕ ਲੱਕੜ ਵਿਚੋਂ ਅੱਗ ਨੂੰ ਵੱਖ ਕਰਕੇ ਆਖਦਾ ਹੈ ਹੇ ਆਯੁਸ਼ਮਾਨ ਇਹ ਰਹੀ ਅਰਣੀ ਤੇ ਇਹ ਰਹੀ ਅੱਗ, ਇੰਜ ਜੀਵ ਤੇ ਸ਼ਰੀਰ ਨੂੰ ਅੱਡ ਵਿਖਾਉਣਾ ਕੋਈ ਵੀ ਸਮਰਥ ਨਹੀਂ ਅਤੇ ਇਹ ਕੋਈ ਨਹੀਂ ਆਖ ਸਕਦਾ, ਹੇ ਆਯੁਸ਼ਮਾਨ ਇਹ ਆਤਮਾ ਹੈ ਅਤੇ ਇਹ ਸ਼ਰੀਰ ਹੈ।

ਇਸ ਪ੍ਰਕਾਰ ਇਨ੍ਹਾਂ ਉਦਾਹਰਣਾਂ ਨਾਲ ਇਹ ਪੁਰਸ਼ ਸਿਧ ਕਰਦਾ ਹੈ ਕਿ ਸ਼ਰੀਰ ਤੋਂ ਅੱਡ ਹੋਰ ਕੋਈ ਵੱਖ ਆਤਮਾ ਨਹੀਂ ਹੈ। ਇਸ ਲਈ ਜੋ ਆਖਦੇ ਹਨ ਜੀਵ ਅੱਡ ਹੈ ਤੇ ਸ਼ਰੀਰ ਅੱਡ ਹੈ ਉਹ ਮਿਥਿਆ (ਝੂਠ) ਆਖਦੇ ਹਨ।

ਇਸ ਪ੍ਰਕਾਰ ਦੇ ਵਿਸ਼ਵਾਸ਼ੀ (ਆਤਮਾ ਤੇ ਸ਼ਰੀਰ ਨੂੰ ਇਕ ਮਨਣ ਵਾਲੇ ਨਾਸਤਕ) ਜੀਵ-ਘਾਤ ਕਰਦੇ ਹਨ ਅਤੇ ਹੋਰਾਂ ਨੂੰ ਜੀਵ ਹਿੰਸਾ ਦਾ ਉਪਦੇਸ਼ ਦਿੰਦੇ ਹਨ। ਉਹ ਆਖਦੇ ਹਨ। ਭਾਵੇਂ ਜੀਵਾਂ ਦੀ ਹਿੰਸਾ ਕਰੋ, ਧਰਤੀ, ਬਨਾਸਪਤੀ ਤੇ ਅੱਗ ਰਾਹੀਂ ਹਿੰਸਾ

ਕਰੋ. ਲੁਟਮਾਰ ਕਰੋ, ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਸ਼ਰੀਰ ਹੀ ਜੀਵ (ਆਤਮਾ) ਹੈ। ਕੋਈ ਪਰਲੋਕ ਨਹੀਂ। ਸ਼ਰੀਰ ਦੇ ਨਾਸ਼ ਹੋਣ ਤੇ ਜੀਵ (ਆਤਮਾ) ਦਾ ਨਾਸ਼ ਹੋ ਜਾਂਦਾ ਹੈ। ਜਦ ਜੀਵ ਨਹੀਂ, ਪਰਲੋਕ ਨਹੀਂ ਤਾਂ ਪੁੰਨ ਪਾਪ ਦਾ ਵੀ ਕੋਈ ਫਲ ਨਹੀਂ।

ਪਰਲੋਕ ਤੇ ਪੁੰਨ ਪਾਪ ਨੂੰ ਨਾ ਮਨਣ ਵਾਲੇ ਨਾਸਤਕ ਇਹ ਨਹੀਂ ਮੰਨਦੇ ਕਿ ਸ਼ੁਭ ਕ੍ਰਿਆ, ਅਸ਼ੁਭ ਕ੍ਰਿਆ, ਚੰਗਾ, ਮਾੜਾ, ਪੁੰਨ, ਪਾਪ, ਭਲਾਈ, ਬੁਰਾਈ, ਸਿੱਧੀ, ਅਸਿੱਧੀ, ਨਾਰਕੀ ਤੇ ਹੋਰ ਦੇਵਤੇ ਵੀ ਹਨ। ਅਪਣੀ ਇਸ ਮਾਨਤਾ ਸਦਕਾ ਉਹ ਘੋਰ ਛੋਟੀ, ਬੜੀ ਹਿੰਸਾ ਨਾਲ ਪਾਪ ਕਰਦੇ ਹੋਏ ਕਾਮ ਭੋਗਾਂ ਵਿੱਚ ਲਗੇ ਰਹਿੰਦੇ ਹਨ। ਇਸ ਤਰ੍ਹਾਂ ਚਾਰਵਾਕ ਆਦਿ ਸ਼ਾਸਤਰ ਆਪਣੇ ਮਤਾਂ ਨੂੰ ਸੱਚਾ ਦਸਦੇ ਹਨ।

ਉਨ੍ਹਾਂ ਦੇ ਮਨਣ ਵਾਲੇ ਪ੍ਰਤੀਤ ਤੇ ਰੁਚੀ ਰਖਣ ਵਾਲੇ ਰਾਜਾ ਆਦਿ ਲੋਕ ਆਖਦੇ ਹਨ "ਹੇ ਸ਼੍ਰਮਣ ਤੇ ਬ੍ਰਾਹਮਣ। ਤੁਸੀਂ ਸਾਨੂੰ ਚੰਗਾ ਉਪਦੇਸ਼ ਦਿੱਤਾ ਹੈ। ਹੇ ਆਯੁਸ਼ਮਾਨ ! ਮੈਂ ਅਸਨ, ਪਾਨ, ਖਾਦਮ ਤੇ ਸਵਾਦਮ (ਚਾਰ ਕਿਸਮ ਦਾ ਭੋਜਨ) ਵਸਤਰ, ਪਾਤਰ, ਕੰਬਲ ਤੇ ਪੈਰ ਪੂੰਝਣ ਵਾਲੇ ਕਪੜੇ ਰਾਹੀਂ ਤੁਹਾਡਾ ਸਵਾਗਤ ਤੇ ਪੂਜਾ ਕਰਦਾ ਹਾਂ ਇਨ੍ਹਾਂ ਵਿਚੋਂ ਜੋ ਵਸਤੂ ਆਪਨੂੰ ਚਾਹੀਦੀ ਹੈ ਲੈ ਲਵੋ।" ਇਸ ਤਰ੍ਹਾਂ ਕਈ ਰਾਜੇ ਇਨ੍ਹਾਂ ਝੂਠੇ ਸ਼੍ਰਮਣਾਂ ਤੇ ਬ੍ਰਾਹਮਣਾਂ ਦੇ ਪਾਖੰਡੀ ਮੱਤ ਵਲ ਝੁਕ ਜਾਂਦੇ ਹਨ। ਇਸ ਪ੍ਰਕਾਰ ਸ਼ਰੀਰ ਤੇ ਆਤਮਾ ਨੂੰ ਇਕ ਦੂਸਰੇ ਮੱਤ ਨੂੰ ਮੰਨਣ ਵਾਲੇ ਇਹ ਅਨਾਤਮਵਾਦੀ ਸ਼੍ਰਮਣ ਤੇ ਬ੍ਰਾਹਮਣ, ਦੀਖਿਆ ਸਮੇਂ ਇਹ ਪ੍ਰਤਿਗਿਆ ਕਰਦੇ ਹਨ", ਅਸੀਂ ਸ਼੍ਰਮਣ ਬਨਾਂਗੇ ਘਰ ਦੇ ਤਿਆਗੀ, ਸਭ ਕੁਝ ਦੇ ਤਿਆਗੀ, ਪੁਤਰ ਪਰਿਵਾਰ ਦੇ ਤਿਆਗੀ, ਪਸ਼ੂ ਦੇ ਤਿਆਗੀ, ਬਣਕੇ ਹੋਰ ਰਾਹੀਂ ਦਿੱਤੇ ਭੋਜਨ ਰਾਹੀਂ ਜਿੰਦਗੀ ਗੁਜਾਰਾਂਗੇ। ਪਾਪ ਕਰਮ ਨਹੀਂ ਕਰਾਂਗੇ। ਇਸ ਤਰ੍ਹਾਂ ਦੀ ਪ੍ਰਤਿਗਿਆ ਕਰਨ ਦੇ ਬਾਵਜੂਦ ਉਹ ਪਾਪ ਕਰਮ ਤੋਂ ਨਹੀਂ ਛੁਟਦੇ। ਉਹ ਪਰਿਗ੍ਰਹਿ (ਵਸਤਾਂ ਦਾ ਇਕੱਠ) ਕਰਦੇ ਹਨ ਦੂਸਰੇ ਤੋਂ ਪਰਿਗ੍ਰਹਿ ਕਰਵਾਉਂਦੇ ਹਨ। ਕਰਨ ਵਾਲੇ ਨੂੰ ਚੰਗਾ ਸਮਝਦੇ ਹਨ। ਇਸ ਤਰ੍ਹਾਂ ਉਹ ਇਸਤਰੀ ਤੋਂ ਹੋਰ ਕਾਮ ਭੋਗਾਂ ਵਿਚ ਜੁੜਕੇ, ਫਸ ਕੇ ਜਕੜੇ ਰਹਿੰਦੇ ਹਨ। ਉਹ ਦੂਸਰੇ ਪ੍ਰਾਣੀ, ਭੂਤ ਜੀਵਾਂ ਦੀ ਹਿੰਸਾ ਤੋਂ ਨਹੀਂ ਬੱਚ ਸਕਦੇ। ਉਹ ਪੁੱਤਰ ਰਿਸ਼ਤੇਦਾਰਾਂ ਰੂਪੀ ਪਰਿਗ੍ਰਹਿ ਭਰਿਸ਼ਟ ਹੋ ਚੁੱਕੇ ਹਨ ਆਰਿਆ ਮਾਰਗ ( ਪੁੰਡਰਿਕ ) ਨੂੰ ਪ੍ਰਾਪਤ ਨਹੀਂ ਕਰ ਸਕਦਾ। ਉਹ ਵਿਚਕਾਰ ਹੀ ਕਾਮਭੋਗ ਦੇ ਚਿਕੜ ਵਿਚ ਫਸ ਚੁੱਕੇ ਹਨ।

ਇਸ ਪ੍ਰਕਾਰ ਚਾਰ ਪੁਰਸ਼ਾਂ ਵਿਚੋਂ ਪਹਿਲੇ ਪੁਰਸ਼ ਤੱਜਜੀਵਤਛਰੀਰਵਾਦੀ ਦਾ ਵਰਣਨ ਇਸ ਪ੍ਰਕਾਰ ਹੈ—(9)

## ਦੂਸਰਾ ਮਨੁੱਖ (ਪੰਚ ਮਹਾਭੂਤਵਾਦੀ ਤੇ ਸਾਂਖਯ) ਦੀ ਮਾਨਤਾ

ਦੂਸਰੇ ਚਿਕੜ ਵਿਚ ਫਸਿਆ ਪੁਰਸ਼ ਪੰਚ ਮਹਾਭੂਤਵਾਦੀ ਹੈ। ਇਸ ਲੋਕ ਦੇ ਪੂਰਵ,

ਆਦਿ ਸਭ ਦਿਸ਼ਾਵਾਂ ਵਿਚ ਮਨੁੱਖ ਨਿਵਾਸ ਕਰਦੇ ਹਨ ਅਤੇ ਉਹ ਮਨੁੱਖ ਆਰਿਆ-ਅਨਾਰਿਆ, ਸਰੂਪ-ਕਰੂਪ ਆਦਿ ਅਨੇਕਾਂ ਕਿਸਮਾਂ ਦੇ ਹਨ। ਉਨ੍ਹਾਂ ਵਿਚ ਕੋਈ ਰਾਜਾ ਹੁੰਦਾ ਹੈ। ਉਸ ਰਾਜੇ ਦੀ ਪਰਿਸ਼ਦ ਹੁੰਦੀ ਹੈ ਇਸ ਦਾ ਵਰਨਣ ਪਹਿਲਾਂ ਕੀਤਾ ਜਾ ਚੁਕਾ ਹੈ। ਸੈਨਾਪਤੀ ਤਕ ਹੁੰਦੇ ਹਨ। ਉਨ੍ਹਾਂ ਵਿਚ ਕਈ ਸ਼ਰਧਾਲੂ ਹੁੰਦੇ ਹਨ। ਸ਼੍ਰਮਣ ਤੇ ਬ੍ਰਾਹਮਣ (ਪੰਜ ਮਹਾਭੂਤ ਤੇ ਸਾਂਖਯ) ਉਨ੍ਹਾਂ ਕੋਲ ਜਾਨ ਦਾ ਵਿਚਾਰ ਕਰਦੇ ਹਨ। ਉਹ ਆਪਣੇ ਸਵਿਕਾਰ ਕੀਤੇ ਵਿਚਾਰਾਂ ਰਾਹੀਂ ਸ਼੍ਰਮਣ ਤੇ ਬ੍ਰਾਹਮਣ ਉਸ ਰਾਜਾ ਆਦਿ ਨੂੰ ਆਖਦੇ ਹਨ "ਹੇ ਪ੍ਰਜਾ ਦਾ ਦੁਖ ਦੂਰ ਕਰਨ ਵਾਲੇ ! ਅਸੀਂ ਆਪਣੇ ਧਰਮ ਦਾ ਉਪਦੇਸ਼ ਕਰਾਂਗੇ। ਤੁਸੀਂ ਇਸ ਉਪਦੇਸ਼ ਨੂੰ ਸੱਚ ਸਮਝੋ। ਇਹ ਧਰਮ ਇਸ ਤਰ੍ਹਾਂ ਹੈ।"

"ਇਸ ਜਗਤ ਵਿਚ ਪੰਜ ਮਹਾਭੂਤ ਹੀ ਹਨ। ਉਹ ਪੰਜ ਮਹਾਭੂਤ ਕ੍ਰਿਆ, ਅਕ੍ਰਿਆ, ਸੁਕ੍ਰਿਤ, ਦੁਸਕ੍ਰਿਤ, ਪੁੰਨ, ਪਾਪ, ਸ਼ੁਭ, ਅਸ਼ੁਭ ਸਿੱਧੀ, ਅਸਿੱਧੀ ਨਰਕ ਤੇ ਹੋਰ ਗਤੀਆਂ ਦਾ ਕਾਰਨ ਆਤਮਾ ਕੋਈ ਕ੍ਰਿਆ ਨਹੀਂ ਕਰਦਾ। ਇਹ ਪੰਜ ਮਹਾਭੂਤਾਂ ਦਾ ਸਮੂਹ ਹੀ ਭਿੰਨ ਭਿੰਨ ਨਾਮਾਂ ਤੋਂ ਜਾਣਿਆ ਜਾਂਦਾ ਹੈ।

ਪੰਜ ਮਹਾਭੂਤ ਇਸ ਪ੍ਰਕਾਰ ਹਨ "ਪਿਰਥਵੀ ਮਹਾਭੂਤ, ਜਲਮਹਾਭੂਤ, ਤੇਜ (ਅੱਗ) ਮਹਾਭੂਤ, ਵਾਯੂ ਮਹਾਭੂਤ, ਪੰਜਵਾਂ ਮਹਾਭੂਤ ਅਕਾਸ਼ ਹੈ। ਇਹ ਪੰਜ ਮਹਾਭੂਤਾਂ ਦਾ ਕਿਸੇ ਨੇ ਨਿਰਮਾਨ ਨਹੀਂ ਕੀਤਾ, ਕਿਸੇ ਨੇ ਨਹੀਂ ਬਨਵਾਏ, ਬਨਾਵਟੀ ਨਹੀਂ ਨਾ ਹੀ ਅਪਣੀ ਉਤਪਤੀ ਲਈ ਕਿਸੇ ਤੋਂ ਆਸ ਨਹੀਂ ਰਖਦੇ। ਅਨਾਦਿ ਹਨ, ਸਾਰੇ ਕੰਮਾਂ ਦੇ ਪਿਤਾ ਹਨ। ਬੰਧਨ ਰਹਿਤ ਹਨ। ਇਨ੍ਹਾਂ ਇਹ ਸਭ ਕੰਮਾਂ ਦੇ ਸੰਪਾਦਕ ਹਨ। ਇਨ੍ਹਾਂ ਦਾ ਕੋਈ ਪ੍ਰੇਰਕ ਨਹੀਂ। ਇਹ ਸੁਤੰਤਰ ਤੇ ਹਮੇਸ਼ਾ ਰਹਿਣ ਵਾਲੇ ਹਨ।

"ਕਈ ਇਕ (ਸਾਂਖਯ) ਪੰਜ ਮਹਾਭੂਤਾਂ ਦੇ ਨਾਲ ਛੇਵਾਂ ਆਤਮਾ ਨੂੰ ਸਵੀਕਾਰ ਕਰਦੇ ਹਨ। ਉਹ ਆਖਦੇ ਹਨ ਕਿ "ਸਤ ਪਦਾਰਥ ਦਾ ਕਦੇ ਨਾਸ਼ ਨਹੀਂ ਹੁੰਦਾ। ਅਸਤ ਦੀ ਉਤਪਤਿ ਨਹੀਂ," ਇਹ ਪੰਜਮਹਾਭੂਤਵਾਦੀ ਆਖਦੇ ਹਨ ਇਹ ਹੀ ਜੀਵ ਦਾ ਸਵਰੂਪ ਹੈ, ਇਹੋ ਹੋਂਦ ਦਾ ਸਵਰੂਪ ਹੈ ਇਸ ਪੰਜ ਮਹਾਭੂਤ ਹੀ ਲੋਕ ਦਾ ਮੁੱਖ ਕਾਰਣ ਹਨ। ਹੋਰ ਕੀ ਆਖੀਏ ਤਿਨਕੇ ਦਾ ਕੰਬਨਾ ਵੀ ਪੰਜ ਮਹਾਭੂਤ ਦਾ ਕਾਰਣ ਹੈ।"

ਇਸ ਤਰ੍ਹਾਂ ਖੁਦ ਖਰੀਦਿਆ, ਦੂਸਰੇ ਰਾਹੀਂ ਖਰੀਦੀਆਂ, ਜੀਵਘਾਤ ਖੁਦ ਕਰਦਾ ਅਤੇ ਦੂਸਰੇ ਤੋਂ ਕਰਵਾਉਂਨਾ, ਖੁਦ ਰਸੋਈ ਬਨਾਉਣਾ ਅਤੇ ਦੂਸਰੇ ਤੋਂ ਰਸੋਈ ਬਨਵਾਉਣ ਵਿਚ ਕੋਈ ਪਾਪ ਨਹੀਂ ਲਗਦਾ। ਜੇ ਕੋਈ ਮਨੁੱਖ ਕਿਸੇ ਮਨੁੱਖ ਨੂੰ ਖਰੀਦ ਕੇ ਮਾਰ ਵੀ ਦੇਵੇ ਤਾਂ ਵੀ ਕੋਈ ਦੋਸ਼ ਨਹੀਂ ਮਨਣਾ ਚਾਹੀਦਾ।"

ਇਸ ਪ੍ਰਕਾਰ ਦੇ ਪੰਜ ਮਹਾਭੂਤਵਾਦੀ ਕ੍ਰਿਆ ਤੋਂ ਲੈਕੇ ਨਰਕ ਤੱਕ ਕਿਸੇ ਵੀ ਪਦਾਰਥ ਨੂੰ ਨਹੀਂ ਮਨਦੇ। ਉਹ ਭਿੰਨ ਭਿੰਨ ਪ੍ਰਕਾਰ ਦੇ ਸਾਵਦਯ (ਪਾਪਕਾਰੀ) ਢੰਗਾਂ ਨਾਲ ਵਿਸ਼ੇ

ਭੋਗ ਸਮੱਗਰੀ ਦੀ ਪ੍ਰਾਪਤੀ ਲਈ ਪਾਪ ਵਿਚ ਲਗੇ ਰਹਿੰਦੇ ਹਨ। ਇਨ੍ਹਾਂ ਪੰਜ ਮਹਾਭੂਤ ਵਾਦੀਆਂ ਦੇ ਧਰਮ ਵਿਚ ਸ਼ਰਧਾ ਰਖਣ ਵਾਲੇ ਅਤੇ ਇਨ੍ਹਾਂ ਦੇ ਧਰਮ ਨੂੰ ਸੱਚ ਮਨਣ ਵਾਲੇ ਰਾਜਾ ਆਦਿ ਇਨ੍ਹਾਂ ਨੂੰ ਵਿਸ਼ੇ ਭੋਗ ਦੀ ਸਾਮੱਗਰੀ ਭੇਂਟ ਕਰਦੇ ਹਨ। ਇਹ ਲੋਕ ਵਿਸ਼ੇ ਵਾਸਨਾ ਵਿਚ ਫਸ ਕੇ ਨਾ ਇਸ ਲੋਕ ਦੇ ਰਹਿੰਦੇ ਹਨ ਨਾ ਪਰਲੋਕ ਦੇ ਰਹਿੰਦੇ ਹਨ। ਇਸ ਪ੍ਰਕਾਰ ਦੂਸਰਾ ਧਰਮ ਪੰਜ ਮਹਾਭੂਤੀਕ ਅਖਵਾਉਂਦਾ ਹੈ। (10)

## ਤੀਸਰਾ ਪੁਰਸ਼-ਈਸ਼ਵਰਕਰਤਾਵਾਦੀ ਦੀ ਮਾਨਤਾ

ਤੀਸਰਾ ਚਿਕੜ ਵਿਚ ਫਸਿਆ ਈਸ਼ਵਰ ਕਾਰਨੀਕ ਅਖਵਾਉਂਦਾ ਹੈ। (ਉਹ ਆਖਦਾ ਹੈ) ਇਸ ਮਨੁੱਖ ਲੋਕ ਵਿਚ ਪੂਰਵ ਆਦਿ ਦਿਸ਼ਾਵਾਂ ਵਿਚ ਅਨੇਕ ਮਨੁੱਖ ਹੁੰਦੇ ਹਨ ਜੋ ਸਮੇਂ ਸਮੇਂ ਪੈਦਾ ਹੁੰਦੇ ਹਨ। ਉਨ੍ਹਾਂ ਵਿਚੋਂ ਕੁਛ ਆਰਿਆ ਹਨ, ਕੁਛ ਅਨਾਰਿਆ ਹਨ ਇਥੇ ਪਹਿਲਾਂ ਵਾਲੇ ਮਨੁੱਖ ਦੀ ਤਰ੍ਹਾਂ ਵਿਰਤਾਂਤ ਸਮਝਨਾ ਚਾਹੀਦਾ ਹੈ) ਉਨ੍ਹਾਂ ਮਨੁੱਖਾਂ ਵਿਚ ਕੋਈ ਸਰੇਸ਼ਟ ਰਾਜਾ ਹੁੰਦਾ ਹੈ।

(ਇਸ ਦਾ ਸਵਰੂਪ ਪਹਿਲਾਂ ਵਰਨਣ ਕੀਤਾ ਜਾ ਚੁਕਾ ਹੈ) ਉਸ ਦੀ ਸਭਾ ਹੁੰਦੀ ਹੈ। (ਉਸ ਦਾ ਵਰਨਣ ਵੀ ਆ ਚੁਕਾ ਹੈ।) ਉਸ ਧਰਮ ਸ਼ਰਧਾਲੂ ਪੁਰਸ਼ ਕੋਲ ਅਨੇਕਾਂ ਸ਼੍ਰਮਣ ਬ੍ਰਾਹਮਣ ਜਾਨ ਦਾ ਨਿਸ਼ਚਾ ਕਰਦੇ ਹਨ। ਉਹ, ਉਸ ਪੁਰਸ਼ ਕੋਲ ਆਕੇ ਆਖਦੇ ਹਨ—

"ਹੇ ਭੈਅ ਮੁਕਤ ਕਰਨ ਵਾਲੇ ਮੈਂ ਆਪਨੂੰ ਸੱਚੇ ਧਰਮ ਦਾ ਸਵਰੂਪ ਸੁਨਾਉਂਦਾ ਹਾਂ ਉਸਨੂੰ ਆਪ ਸੱਚ ਸਮਝੋ।"

ਇਸ ਸੰਸਾਰ ਵਿਚ ਜੜ ਤੇ ਚੇਤਨ ਜਿੰਨੇ ਵੀ ਪਦਾਰਥ ਹਨ ਉਹ ਸਭ ਪੁਰਸ਼ (ਈਸ਼ਵਰ) ਦਵਾਰਾ ਰਚੇ ਗਏ ਹਨ ਸਭ ਦਾ ਮੂਲ ਕਾਰਣ ਈਸ਼ਵਰ ਹੈ। ਸਭ ਦਾ ਖਤਮ ਕਰਨ ਵਾਲਾ ਈਸ਼ਵਰ ਹੈ। ਈਸ਼ਵਰ ਜਾਂ ਆਤਮਾ ਹੀ ਸਭ ਪਦਾਰਥ ਮੂਲ ਦਾ ਕਾਰਣ ਹੈ। ਸਾਰੇ ਪਦਾਰਥ ਈਸ਼ਵਰ ਨੇ ਰਚੇ ਹਨ। ਈਸ਼ਵਰ ਤੋਂ ਉਨ੍ਹਾਂ ਦਾ ਜਨਮ ਹੋਇਆ ਹੈ।

ਸਾਰੇ ਪਦਾਰਥ ਈਸ਼ਵਰ ਨੇ ਪ੍ਰਕਾਸ਼ਿਤ ਕੀਤੇ ਹਨ। ਸਭ ਦਾ ਆਧਾਰ ਈਸ਼ਵਰ ਹੈ। ਜਿਵੇਂ ਪ੍ਰਾਣੀ ਦੇ ਸ਼ਰੀਰ ਤੇ ਫੋੜਾ ਸ਼ਰੀਰ ਵਿਚ ਹੀ ਉਤਪਨ ਹੁੰਦਾ ਹੈ। ਸ਼ਰੀਰ ਵਿਚ ਹੀ ਵਾਧਾ ਪ੍ਰਾਪਤ ਕਰਦਾ ਹੈ। ਸ਼ਰੀਰ ਦਾ ਹਿੱਸਾ ਬਣਦਾ ਹੈ। ਸ਼ਰੀਰ ਦੇ ਸਹਾਰੇ ਟਿਕਦਾ ਹੈ। ਇਸੇ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਤੋਂ ਉਤਪਨ ਹੁੰਦੇ ਹਨ। ਈਸ਼ਵਰ ਵਿਚ ਹੀ ਵਾਧਾ ਪਾਂਦੇ ਹਨ। ਈਸ਼ਵਰ ਦੇ ਪਿਛੇ ਚਲਦੇ ਹਨ ਈਸ਼ਵਰ ਨੂੰ ਅਪਣੇ ਆਧਾਰ ਦਾ ਰੂਪ ਲੈ ਕੇ ਸਥਿਤ ਹੁੰਦੇ ਹਨ।

ਜਿਵੇਂ ਅਰਤਿ (ਮਨ ਦੀ ਦਸ਼ਾ) ਸ਼ਰੀਰ ਵਿਚ ਉਤਪਨ ਹੁੰਦਾ ਹੈ ਸ਼ਰੀਰ ਵਿਚ ਵਸਦਾ ਹੈ ਸ਼ਰੀਰ ਦੇ ਪਿਛੇ ਚਲਦਾ ਹੈ, ਸ਼ਰੀਰ ਦੇ ਸਹਾਰੇ ਹੀ ਟਿਕਦਾ ਹੈ, ਉਸੇ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਤੋਂ ਉਤਪਨ ਹੋਕੇ ਟਿਕੇ ਹੋਏ ਹਨ।

ਜਿਵੇਂ ਬੰਬੀ ਜਮੀਨ ਵਿਚ ਪੈਦਾ ਹੁੰਦੀ ਹੈ ਜਮੀਨ ਵਿਚ ਵਧਦੀ ਹੈ ਜਮੀਨ ਦੇ ਪਿਛੇ ਚਲਦੀ ਹੈ ਜਮੀਨ ਦੇ ਸਹਾਰੇ ਰਹਿੰਦੀ ਹੈ। ਇਸ ਪ੍ਰਕਾਰ ਸਾਰੇ ਪਦਾਰਥ ਈਸ਼ਵਰ ਤੋਂ ਉਤਪਨ ਹੋਕੇ ਈਸ਼ਵਰ ਵਿਚ ਲੀਨ ਹੋ ਜਾਂਦੇ ਹਨ।

ਜਿਵੇਂ ਕੋਈ ਦਰਖੱਤ ਮਿਟੀ ਵਿਚ ਪੈਦਾ ਹੁੰਦਾ ਹੈ ਵੱਧਦਾ ਹੈ ਮਿਟੀ ਦੇ ਪਿਛੇ ਚਲਦਾ ਹੈ। ਫੇਰ ਮਿਟੀ ਵਿਚ ਲੀਨ ਹੋਕੇ ਸਥਿਤ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਵਿਚ ਉਤਪਨ ਹੁੰਦੇ ਹਨ, ਫੈਲਦੇ ਹਨ।

ਜਿਵੇਂ ਪੁਸ਼ਕਰਨੀ (ਕਮਲ) ਮਿਟੀ ਤੋਂ ਉਤਪਨ ਹੁੰਦਾ ਹੈ। ਉਸੇ ਰਾਹੀਂ ਜਾਣਿਆ ਜਾਂਦਾ ਹੈ, ਉਸਦੇ ਪਿਛੇ ਚਲਦਾ ਹੈ ਉਸ ਦੇ ਸਹਾਰੇ ਫੈਲਦਾ ਹੈ। ਇਸ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਵਿਚ ਪੈਦਾ ਹੋਕੇ, ਉਸੇ ਵਿਚ ਲੀਨ ਹੋ ਜਾਂਦੇ ਹਨ।

ਜਿਵੇਂ ਪਾਣੀ ਦਾ ਬੁਲਬੁਲਾ, ਪਾਣੀ ਵਿਚ ਉਤਪਨ ਹੋਕੇ, ਪਾਣੀ ਵਿਚ ਹੀ ਸਮਾ ਜਾਂਦਾ ਹੈ। ਇਸੇ ਤਰ੍ਹਾਂ ਸਾਰੇ ਪਦਾਰਥ ਈਸ਼ਵਰ ਤੋਂ ਪੈਦਾ ਹੁੰਦੇ ਹਨ ਤੇ ਈਸ਼ਵਰ ਵਿਚ ਹੀ ਲੀਨ ਹੋ ਜਾਂਦੇ ਹਨ। ਇਹ ਜੋ ਸ਼੍ਰਮਣ, ਬ੍ਰਾਹਮਣ, ਸੱਚ ਨਿਰਗ੍ਰੰਥ ਸ਼੍ਰਮਣ ਰਾਹੀਂ ਆਖੀਆ, ਰਚਿਆ ਗਿਆਨ ਆਦਿ।

12 ਅੰਗ ਸ਼ਾਸਤਰ ਦੇ ਰੂਪ ਵਿਚ ਹੈ। ਅਚਾਰਾਂਗ ਸੂਤਕ੍ਰਿਤਾਂਗ ਤੋਂ ਲੈ ਕੇ ਦਰਿਸ਼ਟੀਵਾਦ ਤਕ ਸਾਰੇ ਜੈਨ ਆਗਮ ਮਿਥਿਆ ਹਨ। ਇਹ ਸੱਚ ਨਹੀਂ ਹਨ। ਉਹ ਸੱਚ ਦਾ ਸਵਰੂਪ ਪ੍ਰਗਟ ਕਰਨ ਵਿਚ ਰੁਕਾਵਟ ਹਨ। ਇਸ ਲਈ ਉਹ ਈਸ਼ਵਰ ਵਾਦੀ ਅਜੇਹਾ ਮੱਤ ਰਖ ਕੇ ਅਪਣੇ ਮਤ ਦੀ ਸਿਖਿਆ ਅਪਣੇ ਚੇਲਿਆਂ ਨੂੰ ਦਿੰਦੇ ਹਨ। ਇਹੋ ਮਾਨਤਾ ਸਥਾਪਿਤ ਕਰਦੇ ਤੇ ਆਖਦੇ ਹਨ।

'ਸਾਡਾ ਮੱਤ ਹੀ ਸੱਚ ਹੈ ਤੱਥ ਤੇ ਅਧਾਰਿਤ ਹੈ, ਯਥਾਰਥ ਹੈ।' ਇਸ ਤਰ੍ਹਾਂ ਈਸ਼ਵਰ ਵਾਦੀ ਦੇ ਵਿਚਾਰ ਹਨ। ਉਹ ਅਪਣੇ ਚੇਲਿਆਂ ਨੂੰ ਇਹੋ ਸਿਖਿਆ ਦਿੰਦੇ ਹਨ। ਰਾਜਸਭਾ ਵਿੱਚ ਇਸੇ ਮਤ ਦਾ ਪ੍ਰਚਾਰ ਕਰਦੇ ਹਨ।

ਜਿਵੇਂ ਪੰਛੀ ਪਿੰਜਰਾ ਤੋੜਨ ਵਿਚ ਅਸਮਰਥ ਹੈ ਉਸੇ ਪ੍ਰਕਾਰ ਈਸ਼ਵਰ ਕਾਰਣੀਕ ਰੂਪ ਮੱਤ (ਈਸ਼ਵਰ ਕਰਤਾਵਾਦੀ) ਨੂੰ ਸਵਿਕਾਰ ਕਰਕੇ, ਇਹ ਲੋਕ ਦੁੱਖਾਂ ਨੂੰ ਖਤਮ ਨਹੀਂ ਕਰ ਸਕਦੇ।

ਉਹ ਭਿੰਨ ਭਿੰਨ ਪ੍ਰਕਾਰ ਦੀ ਕ੍ਰਿਆਵਾਂ ਕਰਕੇ ਕਾਮ ਭੋਗਾਂ ਰਾਹੀਂ ਹਿੰਸਾ ਕਰਦੇ ਹਨ। ਇਹ ਲੋਕ ਅਨਾਰਿਆ ਹਨ, ਭਰਮ ਵਿਚ ਭੁਲੇ ਫਿਰਦੇ ਹਨ। ਇਸ ਤਰ੍ਹਾਂ ਦੇ ਸ਼ਰਧਾਲੂ ਨਾ ਇਸ ਲੋਕ ਦੇ ਬਨ ਸਕਦੇ ਹਨ, ਨਾ ਪਰਲੋਕ ਸੁਧਾਰ ਸਕਦੇ ਹਨ, ਸਗੋਂ ਕਾਮ ਭੋਗਾਂ ਕਾਰਣ ਵਿਚਕਾਰ ਹੀ ਦੁੱਖ ਪਾਂਦੇ ਹਨ। ਇਹ ਤੀਸਰੇ ਈਸ਼ਵਰਵਾਦੀ ਬਾਰੇ ਕਥਨ ਪੂਰਾ ਹੋਇਆ। **(11)**

## ਚੌਥਾ ਪੁਰਸ਼ ਨਿਅਤੀਵਾਦੀ : ਵਰਨਣ

ਹੁਣ ਚੌਥੇ ਪੁਰਸ਼ ਨਿਅਤੀਵਾਦੀ ਦਾ ਵਰਨਣ ਕੀਤਾ ਜਾਂਦਾ ਹੈ। ਇਸ ਲੋਕ ਵਿਚ ਪੁਰਸ਼ ਆਦਿ ਦਿਸ਼ਾ ਤੋਂ ਲੈਕੇ ਸੈਨਾਪਤਿ ਪੁਤਰ ਤੱਕ ਦਾ ਵਿਰਤਾਂਤ ਪਹਿਲਾਂ ਦੀ ਤਰ੍ਹਾਂ ਹੈ। ਕਿਸੇ ਰਾਜਾ ਤੇ ਉਸ ਦੇ ਅਧਿਕਾਰੀਆਂ ਵਿਚੋਂ ਕੁਝ ਧਰਮ ਸ਼ਰਧਾਲੂ ਹੁੰਦੇ ਹਨ। ਉਨ੍ਹਾਂ ਦੇ ਨਜਦੀਕ ਕੋਈ ਅਖੌਤੀ ਸ਼੍ਰਮਣ, ਬ੍ਰਾਹਮਣ ਜਾਨ ਦਾ ਨਿਸਚਾ ਕਰਦਾ ਹੈ। ਉਹ ਪਾਸ ਜਾਕੇ ਆਖਦਾ ਹੈ—" ਮੈਂ ਆਪ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦਾ ਹਾਂ ਉਸ ਨੂੰ ਸਾਵਧਾਨੀ ਨਾਲ ਸੁਣੋ।"

"ਇਸ ਲੋਕ ਵਿਚ ਦੋ ਪ੍ਰਕਾਰ ਦੇ ਪੁਰਸ਼ ਹੁੰਦੇ ਹਨ। ਇਕ ਪੁਰਸ਼ ਕ੍ਰਿਆ ਦਾ ਕਥਨ ਕਰਦਾ ਹੈ ਦੂਸਰਾ ਕ੍ਰਿਆ ਦਾ ਕਥਨ ਨਹੀਂ ਕਰਦਾ। ਜੋ ਪੁਰਸ਼ ਕ੍ਰਿਆ ਦਾ ਕਥਨ ਕਰਦਾ ਹੈ ਅਤੇ ਜੋ ਕ੍ਰਿਆ ਦੀ ਵਿਰੋਧਤਾ ਕਰਦਾ ਹੈ ਦੋਹੇ-ਹੀ ਮੂਰਖ-(ਬਾਲ) ਹਨ। ਉਹ ਇਕ ਅਰਥ ਵਾਲੇ ਅਤੇ ਇਕੋ ਕਾਰਨ ਵਾਲੇ ਹਨ। ਉਹ ਅਪਣੇ ਸੁਖ ਦੁਖ ਦਾ ਕਾਰਨ-ਕਾਲ, ਕਰਮ-ਤੇ ਈਸ਼ਵਰ ਨੂੰ ਮਨਦੇ ਹੋਏ, ਇਹ ਸਮਝਦੇ ਹਨ ਕਿ "ਮੈਂ ਜੋ ਭੋਗ ਰਿਹਾ ਹਾਂ, ਕਸ਼ਟ ਪਾ ਰਿਹਾ ਹਾਂ, ਪਾਸਚਾਤਾਪ ਕਰ ਰਿਹਾ ਹਾਂ, ਸ਼ਰੀਰ ਬਲ ਦਾ ਨਸ਼ਟ ਕਰ ਰਿਹਾ ਹਾਂ, ਪੀੜਾ ਪਾ ਰਿਹਾ ਹਾਂ, ਤੜਫ ਰਿਹਾ ਹਾਂ, ਇਹ ਸਭ ਮੇਰੇ ਕਰਮਾ ਦਾ ਫੱਲ ਹੈ। ਅਤੇ ਜੋ ਦੂਸਰਾ ਦੁੱਖ ਭੋਗਦਾ ਹੈ, ਸੋਗ ਕਰਦਾ ਹੈ, ਸ਼ਰੀਰਕ ਸ਼ਕਤੀ ਦਾ ਖਾਤਮਾ ਕਰਦਾ ਹੈ, ਪੀੜਤ ਹੈ, ਤੜਫ ਰਿਹਾ ਹੈ ਉਹ ਸਭ ਉਸ (ਆਦਮੀ) ਦੇ ਕੀਤੇ ਕਰਮਾ ਦਾ ਫਲ ਹੈ। ਇਸ ਪ੍ਰਕਾਰ ਉਹ ਅਗਿਆਨੀ ਕਾਲ ਕਰਮ ਤੇ ਈਸ਼ਵਰ ਨੂੰ ਸੁਖ ਦੁਖ ਦਾ ਕਾਰਣ ਮਨਦਾ ਹੋਇਆ ਅਪਣੇ ਤੇ ਦੂਸਰੇ ਦੇ ਦੁਖ ਸੁਖ ਨੂੰ ਅਪਣੇ ਤੇ ਦੂਸਰੇ ਰਾਹੀਂ ਕੀਤੇ ਕਰਮਾਂ ਦਾ ਫਲ ਮਨਦਾ ਹੈ

ਪਰ ਇੱਕਲੀ ਨਿਅਤੀ (ਹੋਣੀ) ਨੂੰ ਸਾਰੇ ਪਦਰਥਾਂ ਦੇ ਦੁਖ ਸੁਖ ਦਾ ਕਾਰਣ ਮਨਣ ਵਾਲਾ ਤਾਂ ਇਹ ਸਮਝਦਾ ਹੈ" ਮੈਂ ਜੋ ਦੁੱਖ ਭੋਗਦਾ ਹਾਂ ਸੋਗ ਮਨਦਾ ਹਾਂ ਆਤਮਨਿੰਦਾ ਕਰਦਾ ਹਾਂ, ਸਰੀਰਕ ਸ਼ਕਤੀ ਨਸ਼ਟ ਕਰਦਾ ਹਾਂ, ਪੀੜ ਨਾਲ ਤੜਫ ਰਿਹਾ ਹਾਂ ਇਹ ਮੇਰੇ ਕਰਮਾਂ ਦਾ ਫਲ ਨਹੀਂ ਅਤੇ ਦੂਸਰਾ ਜੋ ਦੁੱਖੀ ਹੈ, ਸੋਗੀ ਹੈ, ਤੜਫ ਰਿਹਾ ਹੈ ਪੀੜਤ ਹੈ ਉਹ ਵੀ ਉਸ ਦੇ ਕਰਮਾਂ ਦਾ ਫਲ ਨਹੀਂ। ਫੇਰ ਇਹ ਸਭ ਨਿਅੱਤੀ (ਹੋਣ) ਅਧੀਨ ਹੋ ਰਿਹਾ ਹੈ। ਇਸ ਪ੍ਰਕਾਰ ਉਹ (ਅਖੌਤੀ, ਬੁਧੀਮਾਨ) ਅਪਣੇ ਤੇ ਦੂਸਰੇ ਦੇ ਦੁਖ ਦਾ ਕਾਰਣ ਨਿਅਤੀ (ਹੋਣੀ) ਨੂੰ ਮੰਨਦਾ ਹੈ ਅਤੇ ਹੋਰ ਕਿਸੇ ਕਾਰਣ ਨੂੰ ਨਹੀਂ ਮੰਨਦਾ।

(ਉਹ ਨਿਅਤੀਵਾਦੀ) ਆਖਦਾ ਹੈ, ਪੂਰਵ ਆਦਿ ਦਿਸ਼ਾਵਾਂ ਵਿਚ ਰਹਿਣ ਵਾਲੇ ਤਰੱਸ ਜਾਂ ਸਥ ਵਰ ਪ੍ਰਾਣੀ ਨਿਅਤੀ ਦੇ ਕਾਰਨ ਹੀ ਔਦਾਰਿਕ (ਬਾਹਰਲਾ) ਸ਼ਰੀਰ ਦੀ ਪ੍ਰਾਪਤੀ ਕਰਦੇ ਹਨ। ਨਿਅਤੀ ਅਧੀਨ ਹੀ ਬਚਪਨ, ਜਵਾਨੀ ਤੇ ਬੁਢਾਪਾ ਹੈ। ਨਿਅਤੀ ਅਧੀਨ ਮੌਤ ਹੈ, ਨਿਅਤੀ ਕਾਰਣ ਕਾਨਾ ਤੇ ਕੁੱਬਾਪਨ ਆਦਿ ਸ਼ਰੀਰਕ ਅਵਸਥਾਵਾਂ ਹਨ।

ਨਿਅਤੀ ਅਧੀਨ ਉਹ ਭਿਨ ਭਿੰਨ ਪ੍ਰਕਾਰ ਦੇ ਸੁੱਖ-ਦੁੱਖ ਦੀ ਪ੍ਰਾਪਤੀ ਹੁੰਦੀ ਹੈ।

( ਸ੍ਰੀ ਸੁਧਰਮਾ ਸਵਾਮੀ ਚਲੇ ਜੰਬੂ ਸਵਾਮੀ ਨੂੰ ਆਖਦੇ ਹਨ )

ਇਸ ਪ੍ਰਕਾਰ ਨਿਅਤੀ ਨੂੰ ਹੀ ਸਾਰੇ ਕੰਮਾਂ ਦਾ ਕਾਰਣ ਮੰਨਣ ਵਾਲੇ ਨਿਅਤੀਵਾਦੀ ਹੋਰ ਆਖੀਆਂ ਜਾਣ ਵਾਲੀਆਂ ਗੱਲਾਂ ਨੂੰ ਨਹੀਂ ਮੰਨਦੇ। ਕ੍ਰਿਆ, ਅਕ੍ਰਿਆ ਤੋਂ ਲੈ ਕੇ ਪਹਿਲੇ ਪੁਰਸ਼ ਸੰਬੰਧੀ ਸੂਤਰ ਵਿਚ ਆਖੀ ਕਿਸੇ ਗਲ ਨੂੰ ਨਹੀਂ ਮੰਨਦੇ। ਉਹ ਨਿਅਤੀ-ਵਾਦੀ ਭੰਬਲਭੂਸੇ ਵਿਚ ਪਏ, ਭਿੰਨ ਭਿੰਨ ਪ੍ਰਕਾਰ ਦੇ ਪਾਪ ਕਰਮਾਂ ਰਾਹੀਂ, ਕਾਮ ਭੋਗ ਰਾਹੀਂ ਹਿੰਸਾ ਦਾ ਸੇਵਨ ਕਰਦੇ ਹਨ।

ਉਸ ਨਿਅਤੀਵਾਦ ਵਿਚ ਸ਼ਰਧਾ ਰਖਣ ਵਾਲੇ, ਨਿਅਤੀਵਾਦੀ ਅਨਾਰਿਆ ਹਨ। ਭਰਮ ਵਿਚ ਫਸੇ ਹਨ ਉਹ ਨਾ ਇਸ ਲੋਕ ਦੇ ਹਨ ਨਾ ਪਰਲੋਕ ਦੇ। ਸਗੋਂ ਉਹ ਕਾਮ ਭੋਗਾਂ ਵਿਚ ਫਸਕੇ ਕਸ਼ਟ ਭੋਗਦੇ ਹਨ। ਇਹ ਚੌਥੇ ਪੁਰਸ਼ ਦਾ ਵਰਨਣ ਪੂਰਾ ਹੋਇਆ।

ਇਸ ਪ੍ਰਕਾਰ ਉਪਰੋਕਤ ਚਾਰ ਪੁਰਸ਼ ਭਿੰਨ ਭਿੰਨ ਬੁਧੀ ਵਾਲੇ, ਵਿਚਾਰਾਂ ਵਾਲੇ, ਆਚਾਰ ਵਾਲੇ, ਵਿਸ਼ਵਾਸ਼ ਵਾਲੇ, ਰੁਚੀ ਵਾਲੇ, ਭਿੰਨ ਭਿੰਨ ਤਰ੍ਹਾਂ ਦੀ ਹਿੰਸਾ ਕਰਨ ਵਾਲੇ ਅਤੇ ਅੱਡ ਅੱਡ ਨਿਸ਼ਚੇ ਵਾਲੇ ਹਨ। ਇਨ੍ਹਾਂ (ਸ਼੍ਰਮਣਾਂ ਤੇ ਬ੍ਰਾਹਮਣਾਂ) ਨ ਅਪਣੇ ਮਾਂ ਪਿਓ ਪਰਿਵਾਰ ਨੂੰ ਛੱਡ ਦਿਤਾ ਹੈ, ਪਰ ਆਰਿਆ (ਨਿਰਗਰੰਥ) ਮਾਰਗ ਨੂੰ ਨਹੀਂ ਪਾ ਸਕੇ। ਇਹ ਨਾ ਇਸ ਲੋਕ ਦੇ ਹੋਸ ਹਨ ਤੇ ਨਾ ਪਰਲੋਕ ਦੇ। ਸਗੋਂ ਵਿਚਕਾਰ ਹੀ ਕਾਮ ਭੋਗ ਵਿਚ ਫਸ ਕੇ ਕਸ਼ਟ ਪਾ ਰਹੇ ਹਨ। 12

## ਭਿਖਸ਼ੂ ਦਾ ਵਿਰਤਾਂਤ

( ਸ਼੍ਰੀ ਸੁਧਰਮਾ ਸ਼ਵਾਮੀ, ਸ਼੍ਰੀ ਜੰਬੂ ਸਵਾਮੀ ਨੂੰ ਆਖਦੇ ਹਨ ) ਮੈਂ ਅਜੇਹਾ ਆਖਦਾ ਹਾਂ। ਪੂਰਵ ਆਦਿ ਦਿਸ਼ਾਵਾਂ ਵਿਚ ਭਿੰਨ ਭਿੰਨ ਪ੍ਰਕਾਰ ਦੇ ਮਨੁਖ ਰਹਿੰਦੇ ਹਨ। ਕਈ ਆਰਿਆ ਹਨ, ਕਈ ਅਨਾਰਿਆ ਹਨ ਕਈ ਉੱਚ ਗੋਤਰੀ ਹਨ ਕਈ ਨੀਚ ਗੋਤਰੀ ਹਨ। ਕਈ ਮਨੁੱਖ ਲੰਬੇ ਹਨ, ਕਈ ਮਧਰੇ ਹਨ। ਕਿਸੇ ਦਾ ਰੂਪ ਸੁੰਦਰ ਹੈ, ਕਿਸੇ ਦਾ ਰੰਗ ਕਾਲਾ ਹੈ ਕਿਸੇ ਦਾ ਰੂਪ ਮਨੋਹਰ ਹੈ, ਕਈ ਸ਼ਕਲ ਦੇ ਭੱਦੇ ਹਨ।

ਉਨ੍ਹਾਂ ਮਨੁੱਖਾਂ ਦਾ ਸੰਸਾਰ ਤੇ ਜਨਪਦ ਦੇਸ਼ (ਸੰਪਤੀ) ਹੁੰਦੀ ਹੈ। ਕਿਸੇ ਦਾ ਪਰਿਗ੍ਰਹਿ (ਸੰਪਤੀ) ਥੋੜੀ ਹੈ ਤੇ ਕਿਸੇ ਦੀ ਜਿਆਦਾ।

ਕਈ ਪੁਰਸ਼ ਪਹਿਲਾਂ ਦਸੇ ਚੰਗੇ ਕੁਲਾਂ ਵਿਚ ਜਨਮਦੇ ਹਨ। ਵਿਸ਼ੇ ਭੋਗ ਛੱਡ ਕੇ, ਸਾਧੂ (ਭਿਖਸ਼ੂ) ਬਣਦੇ ਹਨ। ਕਈ ਸਮਝਦਾਰ ਜਾਤ, ਧੰਨ, ਅਨਾਜ, ਸੰਪਤੀ ਛੱਡ ਕੇ ਭਿਖਸ਼ਾ ਗ੍ਰਹਿਣ ਕਰਨ ਲਈ ਤਿਆਰ ਰਹਿੰਦੇ ਹਨ। ਕਈ ਮੂਰਖ ਜਾਤ, ਧੰਨ, ਅਨਾਜ, ਸੰਪਤੀ ਛਡ ਕੇ ਸਾਧੂ ਬਣਨ ਲਈ ਤਿਆਰ ਹੁੰਦੇ ਹਨ।